Excellence in Agri Info
KHETI DUNIYAN, PATIALA

ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)

# ਖੇਤੀ ਦੁਨੀਆਂ

Rs.10/-

www.khetiduniyan.in

Postage Regd. No. PB/PTA/0338/2025-2027

ਖੇਤੀ ਸੰਬੰਧੀ ਸੰਪੂਰਣ ਜਾਣਕਾਰੀ ਲਈ
ਖੇਤੀ ਦੁਨੀਆਂ ਦੇ ਮੈਂਬਰ ਬਣੋ
ਇੱਕ ਸਾਲ ਲਈ 500/- ਰੁਪਏ
ਦੋ ਸਾਲ ਲਈ 750/- ਰੁਪਏ
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

Editor : Jagpreet Singh • RNI/PUNPUN00806 • Issue Dated 19-07-2025 • Vol.43 No.29 • M. 90410-14575 • Page 16 E-mail : khetiduniyan1983@gmail.com

ਕਿਸਾਨ ਵੀਰੋ !

# ਝੋਨੇ ਵਿੱਚ ਬੂਟਿਆਂ ਦੇ ਟਿੱਡੇ ਦੇ ਹਮਲੇ ਤੋਂ ਰਹੋ ਸੁਚੇਤ

**ਪੰਜਾਬ ਵਿੱਚ ਚਿੱਟੀ ਪਿੱਠ ਵਾਲਾ ਟਿੱਡਾ ਅਤੇ ਭੂਰਾ ਟਿੱਡਾ ਝੋਨੇ ਦੀ ਫ਼ਸਲ ਦਾ ਨੁਕਸਾਨ ਕਰਦੇ ਹਨ । ਬੱਚੇ ਅਤੇ ਬਾਲਗ ਟਿੱਡੇ ਜੁਲਾਈ ਤੋਂ ਅਕਤੂਬਰ ਤੱਕ ਬੂਟਿਆਂ ਦਾ ਰਸ ਚੂਸਦੇ ਹਨ । ਕਿਸਾਨਾਂ ਦੇ ਖੇਤਾਂ ਦੇ ਸਰਵੇ ਦੌਰਾਨ ਚਿੱਟੀ ਪਿੱਠ ਵਾਲੇ ਟਿੱਡੇ ਦਾ ਹਮਲਾ ਦੇਖਣ ਨੂੰ ਮਿਲਿਆ ਹੈ ।**




**ਟਿੱਡਿਆਂ ਦੀ ਪਛਾਣ :** ਚਿੱਟੀ ਪਿੱਠ ਵਾਲੇ ਅਤੇ ਭੂਰੇ ਟਿੱਡਿਆਂ ਦੀ ਮੌਜੂਦਗੀ ਦਾ ਨਿਰੀਖਣ ਸਮੇਂ-ਸਮੇਂ ਸਿਰ ਕਰਦੇ ਰਹਿਣਾ ਚਾਹੀਦਾ ਹੈ । ਖੇਤ ਵਿੱਚੋਂ ਕੁਝ ਪੌਦਿਆਂ ਨੂੰ ਥੋੜ੍ਹਾ ਜਿਹਾ ਝੁਕਾਅ ਕੇ ਪੋਲੇ-ਪੋਲੇ 2-3 ਵਾਰ ਥਾਪੜਨ ਨਾਲ ਤੁਹਾਨੂੰ ਟਿੱਡਿਆਂ ਦੇ ਬੱਚੇ/ਬਾਲਗ ਪਾਣੀ 'ਤੇ ਤੈਰਦੇ ਨਜ਼ਰ ਆਉਣਗੇ ।

**ਰੋਕਥਾਮ :**

**(ੳ) ਖਾਦਾਂ ਦੀ ਸਹੀ ਵਰਤੋਂ :** ਵੱਧ ਨਾਈਟਰੋਜਨ ਖਾਦ ਪਾਉਣ ਨਾਲ ਬੂਟਿਆਂ ਦੇ ਟਿੱਡਿਆਂ ਦਾ ਹਮਲਾ ਵਧੇਰੇ ਹੁੰਦਾ ਹੈ, ਇਸ ਲਈ ਖਾਦਾਂ ਦੀ ਵਰਤੋਂ ਸਿਫਾਰਿਸ਼ ਅਨੁਸਾਰ ਹੀ ਕਰੋ ।

**(ਅ) ਫ਼ਸਲ ਨੂੰ ਪਾਣੀ ਦੇਣ ਵਾਸਤੇ ਵਿਉਂਤਬੰਦੀ :** ਪਨੀਰੀ ਲਾਉਣ ਪਿੱਛੋਂ 2 ਹਫਤੇ ਤੱਕ ਪਾਣੀ ਖੇਤ ਵਿੱਚ ਖੜ੍ਹਾ ਰੱਖਣਾ ਜ਼ਰੂਰੀ ਹੈ । ਇਸ ਪਿੱਛੋਂ ਪਾਣੀ ਉਸ ਵੇਲੇ ਦਿਉ, ਜਦੋਂ ਖੇਤ ਵਿੱਚੋਂ ਪਾਣੀ ਜ਼ਜ਼ਬ ਹੋਏ ਨੂੰ 2 ਦਿਨ ਹੋ ਗਏ ਹੋਣ । ਪਰ ਇੱਕ ਗੱਲ ਦਾ ਧਿਆਨ ਰੱਖੋ ਕਿ ਜ਼ਮੀਨ ਵਿੱਚ ਤਰੇੜਾਂ ਨਾ ਪੈਣ । ਅਜਿਹਾ ਕਰਨ ਨਾਲ ਇਨ੍ਹਾਂ ਟਿੱਡਿਆਂ ਦਾ ਹਮਲਾ ਘੱਟ ਹੁੰਦਾ ਹੈ ।

**(ੲ) ਰਸਾਇਣਿਕ ਰੋਕਥਾਮ :** ਪਨੀਰੀ ਪੁੱਟ ਕੇ ਖੇਤ ਵਿੱਚ ਲਾਉਣ ਤੋਂ ਤਕਰੀਬਨ ਮਹੀਨਾ ਕੁ ਪਿੱਛੋਂ ਹਫਤੇ-ਹਫਤੇ ਬਾਅਦ ਕੁਝ ਕੁ ਬੂਟਿਆਂ ਨੂੰ ਟੇਢੇ ਕਰਕੇ 2-3 ਵਾਰ ਹਲਕਾ-ਹਲਕਾ ਥਾਪੜੋ/ਝਾੜੋ । ਜੇ 5 ਜਾਂ ਵੱਧ ਟਿੱਡੇ ਪ੍ਰਤੀ ਬੂਟਾ ਪਾਣੀ ਉੱਤੇ ਤਰਦੇ ਦਿਖਾਈ ਦੇਣ ਤਾਂ ਸਾਰਣੀ ਵਿੱਚ ਦਰਸਾਏ ਕਿਸੇ ਇੱਕ ਕੀਟਨਾਸ਼ਕ ਨੂੰ 100 ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕੋ ।

★ ਜੇ ਕੀੜੇ ਦਾ ਹਮਲਾ ਦੌਗੀਆਂ/ਧੌੜੀਆਂ ਵਿੱਚ ਹੋਵੇ ਤਾਂ ਕੀਟਨਾਸ਼ਕ ਦਾ ਛਿੜਕਾਅ ਸਾਰੇ ਖੇਤ ਦੀ ਬਜਾਏ ਅਜਿਹੀਆਂ ਦੌਗੀਆਂ/ਧੌੜੀਆਂ ਉੱਪਰ ਅਤੇ ਇਨ੍ਹਾਂ ਦੇ ਆਲੇ-ਦੁਆਲੇ 3-4 ਮੀਟਰ ਦੇ ਘੇਰੇ ਅੰਦਰ ਆਉਂਦੇ ਤੰਦਰੁਸਤ ਬੂਟਿਆਂ 'ਤੇ ਹੀ ਕਰੋ, ਕਿਉਂਕਿ ਟਿੱਡਿਆਂ ਦੀ ਜ਼ਿਆਦਾ ਗਿਣਤੀ ਇਨ੍ਹਾਂ ਥਾਂਵਾਂ 'ਤੇ ਹੀ ਹੁੰਦੀ ਹੈ ।

★ ਸੁਚੱਜੀ ਰੋਕਥਾਮ ਵਾਸਤੇ ਪਿੱਠੂ ਪੰਪ ਅਤੇ ਗੋਲ ਨੋਜ਼ਲ ਦਾ ਇਸਤੇਮਾਲ ਕਰੋ ।

**ਸਾਰਣੀ : ਝੋਨੇ ਵਿੱਚ ਚਿੱਟੀ ਪਿੱਠ ਵਾਲੇ ਅਤੇ ਭੂਰੇ ਟਿੱਡਿਆਂ ਦੀ ਰੋਕਥਾਮ ਲਈ ਸਿਫਾਰਿਸ਼ ਰਸਾਇਣਾਂ ਦਾ ਵੇਰਵਾ**

| ਕੀੜਾ | ਰਸਾਇਣ | | ਮਾਤਰਾ/ਏਕੜ |
|---|---|---|---|
| | ਨਾਮ | ਮਾਰਕਾ | |
| ਚਿੱਟੀ ਪਿੱਠ ਵਾਲੇ ਟਿੱਡੇ ਅਤੇ ਭੂਰੇ ਟਿੱਡੇ | ਫਲੋਨਿਕਾਮਿਡ | ਉਲਾਲਾ 50 ਡਬਲਯੂ. ਜੀ. | 60 ਗ੍ਰਾਮ |
| | ਟ੍ਰਾਈਫਲੂਮੀਜ਼ੋਪਾਇਰਮ | ਪੈਕਸਾਲੋਨ 10 ਐਸ. ਸੀ. | 94 ਮਿਲੀਲੀਟਰ |
| | ਡਾਇਨੋਟੈਫੂਰਾਨ | ਟੋਕਨ/ਓਸ਼ੀਨ/ਡੋਮਿਨੇਂਟ 20 ਐਸ. ਸੀ. | 80 ਗ੍ਰਾਮ |
| | ਪਾਈਮੈਟਰੋਜ਼ਿਨ | ਚੈਸ 50 ਡਬਲਯੂ. ਜੀ. | 120 ਗ੍ਰਾਮ |
| | ਬੈਂਜ਼ਪਾਇਰੀਮੋਕਸਾਨ | ਆਰਕੈਸਟਰਾ 10 ਐਸ. ਸੀ. | 400 ਮਿਲੀਲੀਟਰ |
| | ਫਲੂਪਾਇਰੀਮਿਨ | ਇਮੇਜਿਨ/ਵਿਓਲਾ 10 ਐਸ. ਸੀ. | 300 ਮਿਲੀਲੀਟਰ |
| | ਕੁਇਨਲਫਾਸ | ਏਕਾਲਕਸ/ਕੁਇਨਗਾਰਡ/ਕੁਇਨਲਮਾਸ 25 ਈ. ਸੀ. | 800 ਮਿਲੀਲੀਟਰ |

**ਰੂਬਲਜੋਤ ਕੂਨਰ, ਕੀਟ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ**
(ਮੋ. 98761-71603)




## ਪੀ.ਏ.ਯੂ. ਵੱਲੋਂ ਸਤੰਬਰ ਮਹੀਨੇ ਵਿੱਚ ਲੱਗਣ ਵਾਲੇ

# ਕਿਸਾਨ ਮੇਲੇ

**10 ਸਤੰਬਰ** ਨਾਗਕਲਾਂ ਜਹਾਂਗੀਰ (ਅੰਮ੍ਰਿਤਸਰ)
**12 ਸਤੰਬਰ** ਬੱਲੋਵਾਲ ਸੌਂਖੜੀ (ਐਸ.ਬੀ.ਐਸ. ਨਗਰ)
**16 ਸਤੰਬਰ** ਰੌਣੀ (ਪਟਿਆਲਾ)
**18 ਸਤੰਬਰ** ਫਰੀਦਕੋਟ
**24 ਸਤੰਬਰ** ਗੁਰਦਾਸਪੁਰ
**30 ਸਤੰਬਰ** ਬਠਿੰਡਾ

**26-27 ਸਤੰਬਰ, 2025**
**ਪੀ.ਏ.ਯੂ. ਕੈਂਪਸ, ਲੁਧਿਆਣਾ**



# ਫ਼ਸਲੀ ਵਿਭਿੰਨਤਾ ਅਪਣਾਓ, ਕੁਦਰਤੀ ਸੋਮੇ ਬਚਾਓ

ਸੁਖਪਾਲ ਸਿੰਘ ਗਿੱਲ
ਮੋ. 98781-11445

ਅੱਜ ਕੁਦਰਤੀ ਸੋਮੇ ਬਚਾਉਣ ਲਈ ਪੰਜਾਬ ਨੂੰ ਇੱਕ ਵਾਰ ਵੰਗਾਰ ਪੇਸ਼ ਆ ਰਹੀ ਹੈ। ਇਸ ਦਾ ਸਹਿਯੋਗ ਕਰਨ ਲਈ ਫ਼ਸਲੀ ਵਿਭਿੰਨਤਾ ਦੇ ਨਾਲ-ਨਾਲ ਹੋਰ ਵੀ ਫਰਜ਼ ਨਿਭਾਉਣੇ ਚਾਹੀਦੇ ਹਨ। ਜਦੋਂ ਕੁਦਰਤ ਨਾਲ ਖਿਲਵਾੜ ਦੇ ਨਤੀਜੇ ਆਉਣ ਲੱਗੇ ਤਾਂ 'ਲੋੜ ਕਾਢ ਦੀ ਮਾਂ' ਦੇ ਕਥਨ ਅਨੁਸਾਰ ਫ਼ਸਲੀ ਵਿਭਿੰਨਤਾ ਸੁੱਝੀ। 70 ਦੇ ਦਹਾਕੇ ਵਿੱਚ ਹਰੀ ਕ੍ਰਾਂਤੀ ਵਿੱਚ ਪੰਜਾਬ ਨੇ ਵਡਮੁੱਲਾ ਯੋਗਦਾਨ ਪਾ ਕੇ ਕੇਂਦਰੀ ਭੰਡਾਰ ਭਰ ਦਿੱਤੇ। ਇਸ ਦੇ ਨਾਂਹ-ਪੱਖੀ ਪ੍ਰਭਾਵ ਵਿਚਾਰੇ ਹੀ ਨਹੀਂ ਗਏ। ਹਾਂ ਇੱਕ ਗੱਲ ਹੋਰ ਹੈ, ਸਵਾਮੀਨਾਥਨ ਨੇ ਕਿਹਾ ਸੀ ਕਿ ਹਰੀ ਕ੍ਰਾਂਤੀ ਹੰਢਣਸਾਰ ਨਹੀਂ ਹੈ, ਭੰਡਾਰ ਤਾਂ ਭਰ ਦਿਆਂਗੇ, ਪਰ ਆਮ ਲੋਕ ਖਰੀਦ ਕਰਨ ਲਈ ਪੈਸਾ ਕਿੱਥੋਂ ਲਿਆਉਣਗੇ। ਇਹ ਪ੍ਰਤੱਖ ਵੀ ਹੋਇਆ। ਕਿਸਾਨ ਨੇ ਤਾਂ ਚੱਲ ਸੋ ਚੱਲ ਕਰ ਦਿੱਤੀ। ਫਿਰ ਕੀ ਸੀ, ਭੇਡਚਾਲ ਨਾਲ ਖਾਦਾਂ, ਦਵਾਈਆਂ ਅਤੇ ਡੂੰਘੇ ਟਿਊਬਵੈਲਾਂ ਦੀ ਦੌੜ ਸ਼ੁਰੂ ਹੋ ਗਈ। ਮਨੁੱਖੀ ਸਿਹਤ ਅਤੇ ਕੁਦਰਤ ਦਾ ਸੰਤੁਲਨ ਵਿਗੜਨਾ ਸ਼ੁਰੂ ਹੋ ਗਿਆ। ਆਰਥਿਕ ਅਤੇ ਪਰਿਵਾਰ ਦੀ ਚਿੰਤਾ ਵਧਣ ਲੱਗੀ। ਸਰਵੇਖਣ ਹੋਏ ਪਤਾ ਚੱਲਿਆ ਕਿ ਹਰ ਸਾਲ 33 ਸੈਂਟੀਮੀਟਰ ਪਾਣੀ ਥੱਲੇ ਜਾ ਰਿਹਾ ਹੈ। ਇਸ ਤੋਂ ਇਲਾਵਾ 2025 ਤੱਕ ਪਾਣੀ ਦਾ ਗੰਭੀਰ ਸੰਕਟ ਪੈਦਾ ਹੋ ਜਾਵੇਗਾ। ਵੇਲਾ ਬੀਤਣ ਤੋਂ ਬਾਅਦ ਜਾਗਣ ਦੇ ਸੁਭਾਅ ਅਨੁਸਾਰ ਸਰਕਾਰ ਨੇ ਫ਼ਸਲੀ ਵਿਭਿੰਨਤਾ ਅਪਣਾਓ, ਕੁਦਰਤੀ ਸੋਮੇ ਬਚਾਓ ਦਾ ਨਾਅਰਾ ਦਿੱਤਾ। 1986 ਵਿੱਚ ਬਰਨਾਲਾ ਸਰਕਾਰ ਸਮੇਂ ਫ਼ਸਲੀ ਵਿਭਿੰਨਤਾ ਲਈ 'ਡਾਈਵਰਸੀਫਿਕੇਸ਼ਨ ਕਮੇਟੀ' ਬਣਾਈ ਗਈ, ਜਿਸ ਨੇ ਰਿਪੋਰਟ ਦਿੱਤੀ ਕਿ ਕਣਕ ਅਤੇ ਝੋਨੇ ਦੇ ਚੱਕਰ ਵਿੱਚੋਂ 20 ਫੀਸਦੀ ਰਕਬਾ ਘਟਾ ਕੇ ਇਸ ਨੂੰ ਦਾਲਾਂ ਸਬਜ਼ੀਆਂ ਦੇ ਅਧੀਨ ਕੀਤਾ ਜਾਵੇ। ਮੱਧਮ ਚਾਲ ਸ਼ੁਰੂ ਹੋ ਗਈ। ਸਬਜ਼ੀਆਂ ਅਤੇ ਦਾਲਾਂ ਦੀ ਸਾਂਭ ਤੇ ਮੰਡੀਕਰਨ ਵੇਲੇ ਕਿਸਾਨ ਔਖਿਆਈ ਮਹਿਸੂਸ ਕਰਨ ਦੇ ਨਾਲ ਕਿਸਾਨਾਂ ਦਾ ਵੱਡਾ ਹਿੱਸਾ ਖੁਦ ਵੇਚਣ ਲਈ ਸ਼ਰਮ ਮਹਿਸੂਸ ਕਰਦਾ ਹੈ। ਝੋਨਾ ਬਹੁ-ਪਰਤੀ ਸਮੱਸਿਆ ਪੈਦਾ ਕਰਦਾ ਹੈ। ਖਾਦਾਂ, ਦਵਾਈਆਂ ਅਤੇ ਪਾਣੀ ਜ਼ਿਆਦਾ ਮੰਗਦਾ ਹੈ। ਝੋਨੇ ਦੀ ਪਰਾਲੀ ਨੂੰ ਅੱਗ ਲਾਉਣ ਲਈ ਵੀ ਬਹੁ-ਪਰਤੀਆਂ ਸਮੱਸਿਆਵਾਂ ਆਉਂਦੀਆਂ ਹਨ। ਪਰਾਲੀ ਨੂੰ ਅੱਗ ਲਾਉਣ ਨਾਲ 30 ਲੱਖ ਮੀਟ੍ਰਿਕ ਟਨ ਆਰਗੈਨਿਕ ਕਾਰਬਨ ਨਸ਼ਟ ਹੋ ਜਾਂਦੀ ਹੈ। ਫ਼ਸਲੀ ਵਿਭਿੰਨਤਾ ਲਈ ਕਣਕ-ਝੋਨੇ ਦੇ ਚੱਕਰ ਵਿੱਚੋਂ ਨਿਕਲ ਕੇ ਸਹਾਇਕ ਧੰਦਿਆਂ ਵੱਲ ਜ਼ੋਰ ਦਿੱਤਾ ਜਾਵੇ। 2024 ਵਿੱਚ ਕਣਕ ਹੇਠ 36 ਲੱਖ ਹੈਕਟੇਅਰ ਅਤੇ ਝੋਨੇ ਹੇਠ 32 ਲੱਖ ਹੈਕਟੇਅਰ ਰਕਬਾ ਸੀ। ਇਸ ਵਧੇ ਰਕਬੇ ਵਿੱਚ ਆਬਾਦ ਕੀਤੀਆਂ ਜ਼ਮੀਨਾਂ ਹਨ, ਇਨ੍ਹਾਂ ਨਾਲ ਵੀ ਕੁਦਰਤੀ ਸੋਮਿਆਂ ਦਾ ਨੁਕਸਾਨ ਹੋਇਆ ਹੈ। ਸਰਕਾਰ ਦੀ ਫ਼ਸਲੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਲਈ ਯੋਜਨਾ ਸੀ ਕਿ ਝੋਨੇ ਹੇਠ 12 ਲੱਖ ਹੈਕਟੇਅਰ ਰਕਬਾ ਘਟਾ ਕੇ ਤੇਲ ਵਾਲੀਆਂ ਫ਼ਸਲਾਂ, ਸਬਜ਼ੀਆਂ, ਮੱਕੀ ਅਤੇ ਗੰਨੇ ਦੇ ਅਧੀਨ ਕੀਤਾ ਜਾਵੇ। ਮੱਕੀ ਨੂੰ ਬਹੁਤ ਘੱਟ ਪਾਣੀ ਦੀ ਲੋੜ ਪੈਂਦੀ ਹੈ। ਇਸ ਦੀ ਰਹਿੰਦ-ਖੂੰਹਦ ਸੁੱਕੇ ਚਾਰੇ ਦੇ ਕੰਮ ਆ ਜਾਂਦੀ ਹੈ। ਇਨ੍ਹਾਂ ਫ਼ਸਲਾਂ ਦਾ ਮੰਡੀਕਰਨ ਹੋ ਜਾਵੇ ਤਾਂ ਫ਼ਸਲੀ ਵਿਭਿੰਨਤਾ ਦੇ ਕਦਮ ਅੱਗੇ ਹੋਰ ਵੱਧ ਸਕਦੇ ਹਨ। ਪਰ ਇਨ੍ਹਾਂ ਬਾਰੇ ਸ਼ੰਕਾਵਾਂ ਰਹਿੰਦੀਆਂ ਹਨ। ਹੁਣ ਸਰਕਾਰ ਨੇ ਮੂੰਗੀ ਦੀ ਫ਼ਸਲ 'ਤੇ ਘੱਟੋ-ਘੱਟ ਸਮਰਥਨ ਮੁੱਲ ਦਿੱਤਾ ਹੈ, ਜੋ ਸਹੀ ਫੈਸਲਾ ਹੈ। 2013-14 ਵਿੱਚ ਸਾਉਣੀ ਦੀਆਂ ਦਾਲਾਂ ਹੇਠ 9.7, ਹਾੜ੍ਹੀ ਦੀਆਂ ਦਾਲਾਂ ਹੇਠ 3.70 ਲੱਖ ਹੈਕਟੇਅਰ ਰਕਬਾ ਸੀ। 2024 ਤੱਕ ਸਰਕਾਰ ਦੇ ਉਪਰਾਲੇ, ਪ੍ਰਚਾਰ ਅਤੇ ਸਹੂਲਤਾਂ ਇਸ ਨੂੰ ਮੰਜ਼ਿਲ 'ਤੇ ਨਹੀਂ ਪਹੁੰਚਾ ਸਕਦੀਆਂ।

ਫ਼ਸਲੀ ਵਿਭਿੰਨਤਾ ਨੂੰ ਧਿਆਨ ਨਾਲ ਜੇ ਅਪਣਾ ਲਈਏ ਤਾਂ ਨਮਕ ਅਤੇ ਮਾਚਿਸ ਹੀ ਬਾਜ਼ਾਰ ਵਿੱਚੋਂ ਲੈਣੇ ਪੈ ਸਕਦੇ ਹਨ, ਬਾਕੀ ਸਾਰਾ ਸਾਮਾਨ ਘਰ ਦਾ ਹੀ ਹੋ ਸਕਦਾ ਹੈ। ਫ਼ਸਲੀ ਵਿਭਿੰਨਤਾ ਮਿਹਨਤ ਅਤੇ ਧਿਆਨ ਮੰਗਦੀ ਹੈ। ਬਾਸਮਤੀ ਅਧੀਨ ਸਰਕਾਰੀ ਹੱਲਾਸ਼ੇਰੀ ਨੇ ਰਕਬਾ ਵਧਾ ਕੇ 6.7 ਲੱਖ ਹੈਕਟੇਅਰ ਕਰ ਦਿੱਤਾ। ਬਾਸਮਤੀ ਲਈ ਬਾਸਮਤੀ ਮਿੱਲਜ਼ ਨੂੰ 7 ਫੀਸਦੀ ਰਿਆਇਤ ਦਿੱਤੀ ਗਈ ਹੈ। ਵਣ ਖੇਤੀ ਨੂੰ ਉਤਸ਼ਾਹਿਤ ਕਰਕੇ ਮੰਡੀਕਰਨ ਵੀ ਹੋਣਾ ਚਾਹੀਦਾ ਹੈ। ਫ਼ਸਲੀ ਵਿਭਿੰਨਤਾ ਜਿੰਨੀ ਵੀ ਲਾਗੂ ਹੋਈ ਹੈ, ਉਸ ਦੇ ਅਸਰ ਜ਼ਰੂਰ ਦਿੱਸਦੇ ਹਨ। ਕਿਸਾਨਾਂ ਨੂੰ ਇਹ ਆਪਣਾ ਫਰਜ਼ ਸਮਝਣਾ ਚਾਹੀਦਾ ਹੈ ਕਿ ਸਰਕਾਰੀ ਹੱਲਾਸ਼ੇਰੀ, ਉਪਰਾਲਿਆਂ ਅਤੇ ਸਹੂਲਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਫ਼ਸਲੀ-ਵਿਭਿੰਨਤਾ ਨੂੰ ਅਪਣਾਏ ਤਾਂ ਕਿ ਅਸੀਂ ਆਪਣੇ ਕੁਦਰਤੀ ਸੋਮਿਆਂ ਨੂੰ ਬਚਾ ਸਕੀਏ ਤਾਂ ਕਿ ਇਸ ਨਾਲ ਭਵਿੱਖੀ ਆਰਥਿਕ, ਸਿਹਤ ਅਤੇ ਵਾਤਾਵਰਨ ਦਾ ਸੰਤੁਲਨ ਬਣਿਆ ਰਹੇ। ਕੁਦਰਤੀ ਵਾਤਾਵਰਨ ਅਤੇ ਕੁਦਰਤੀ ਸੋਮਿਆਂ ਦੇ ਸਮਤੋਲ ਨਾਲ ਕਿਸਾਨੀ ਹਰ ਪੱਖ ਤੋਂ ਲਾਹੇਵੰਦ ਹੀ ਬਣੇਗੀ।

# ਨਾਖਾਂ ਦੀ ਤੁੜਾਈ ਅਤੇ ਭੰਡਾਰਨ

**ਵੀਰਪ੍ਰਤਾਪ ਸਿੰਘ, ਸ. ਕ. ਜਵੰਧਾ ਅਤੇ ਪੀ. ਪੀ. ਐਸ. ਗਿੱਲ, ਪੀ. ਏ. ਯੂ.- ਕ੍ਰਿਸ਼ੀ ਵਿਗਿਆਨ ਕੇਂਦਰ, ਲੁਧਿਆਣਾ (ਸਮਰਾਲਾ) ਮੋ. 98560-00084**

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਨਾਖ ਦੀਆਂ ਕਈ ਉੱਨਤ ਕਿਸਮਾਂ ਸਿਫਾਰਿਸ਼ ਕੀਤੀਆਂ ਗਈਆਂ ਹਨ, ਜਿਹਨਾਂ ਨੂੰ ਤਿੰਨ ਹਿੱਸਿਆਂ ਵਿੱਚ ਵੰਡਿਆ ਜਾਂਦਾ ਹੈ, ਜਿਵੇਂ ਕਿ ਸਖਤ, ਅਰਧ-ਨਰਮ ਅਤੇ ਨਰਮ ਕਿਸਮਾਂ। ਸਖਤ ਕਿਸਮਾਂ ਵਿੱਚੋਂ 'ਪੱਥਰਨਾਖ' ਸਰਵੋਤਮ ਕਿਸਮ ਹੈ, ਜਿਸ ਹੇਠ ਸਭ ਤੋਂ ਜ਼ਿਆਦਾ ਰਕਬਾ ਹੈ। ਅਰਧ-ਨਰਮ ਕਿਸਮਾਂ ਵਿੱਚੋਂ 'ਪੰਜਾਬ ਬਿਊਟੀ' ਪ੍ਰਮੁੱਖ ਕਿਸਮ ਹੈ। ਨਰਮ ਕਿਸਮਾਂ ਵਿੱਚੋਂ 'ਪੰਜਾਬ ਸੌਫਟ' ਅਤੇ 'ਨਿਜ਼ੀਸਿਕੀ' ਸਿਫਾਰਿਸ਼ ਹਨ। ਪੱਥਰਨਾਖ ਅਤੇ ਪੰਜਾਬ ਨਾਖ ਕਿਸਮਾਂ ਜੁਲਾਈ ਦੇ ਅਖੀਰਲੇ ਹਫਤੇ ਲਗਭਗ 145 ਦਿਨ, ਪੰਜਾਬ ਬਿਊਟੀ ਕਿਸਮ ਲਗਭਗ 135 ਦਿਨ ਜਦੋਂਕਿ ਪੰਜਾਬ ਨੈਕਟਰ ਅਤੇ ਪੰਜਾਬ ਗੋਲਡ ਕਿਸਮਾਂ ਲਗਭਗ 140 ਦਿਨ ਪੱਕਣ ਲਈ ਲੈਂਦੀਆਂ ਹਨ। ਪੰਜਾਬ ਸੌਫਟ ਅਤੇ ਨਿੱਜੀਸਿਕੀ ਕਿਸਮਾਂ ਜੁਲਾਈ ਦੇ ਪਹਿਲੇ ਹਫਤੇ ਪੱਕ ਜਾਂਦੀਆਂ ਹਨ।





ਨਾਖਾਂ ਦੀ ਤੁੜਾਈ ਸੁਚਾਰੂ ਢੰਗ ਨਾਲ ਹੋਣੀ ਬਹੁਤ ਜ਼ਰੂਰੀ ਹੈ। ਫਲ ਬਹੁਤ ਛੋਟੀਆਂ ਟਾਹਣੀਆਂ (ਖੁੰਘੇ) 'ਤੇ ਲੱਗਦੇ ਹਨ, ਇਹ ਖੁੰਘੇ ਪੁਰਾਣੀਆਂ ਟਾਹਣੀਆਂ 'ਤੇ ਉੱਗਦੇ ਹਨ ਅਤੇ ਲਗਭਗ 6-8 ਸਾਲ ਤੱਕ ਫਲ ਪੈਦਾ ਕਰ ਸਕਦੇ ਹਨ। ਇਸ ਕਰਕੇ ਫਲ ਨੂੰ ਧਿਆਨਪੂਰਵਕ ਹੱਥ ਨਾਲ ਉੱਪਰ ਵੱਲ ਮਰੋੜ ਕੇ ਤੋੜੋ ਤਾਂ ਜੋ ਇਹ ਡੰਡੀ ਤੋਂ ਅਲੱਗ ਹੋ ਜਾਵੇ ਅਤੇ ਅਤੇ ਖੁੰਘਿਆਂ ਨੂੰ ਕੋਈ ਨੁਕਸਾਨ ਨਾ ਹੋਵੇ। ਤੁੜਾਈ ਸਮੇਂ ਫਲ ਜ਼ਮੀਨ ਉੱਪਰ ਡਿੱਗਣੇ/ਸੁੱਟਣੇ ਨਹੀਂ ਚਾਹੀਦੇ ਤਾਂਕਿ ਫਲਾਂ ਨੂੰ ਰੱਖੜਾਂ/ਝਰੀਟਾਂ ਜਾਂ ਗੁੱਦੇ ਦੇ ਅੰਦਰੋਂ ਫੱਟਣ ਕਰਕੇ ਕੋਈ ਨੁਕਸਾਨ ਨਾ ਹੋਵੇ।

ਫਲਾਂ ਨੂੰ ਤੁੜਾਈ ਉਪਰੰਤ ਧੁੱਪੇ ਨਾ ਰੱਖੋ, ਸਗੋਂ ਤੁਰੰਤ ਕਿਸੇ ਠੰਢੀ / ਹਵਾਦਾਰ ਥਾਂ ਵਿੱਚ ਰੱਖੋ ਅਤੇ 10-15 ਮਿੰਟ ਠੰਢੇ ਪਾਣੀ ਵਿੱਚ ਡੁਬੋਣ ਨਾਲ ਫਲਾਂ ਵਿਚਲੀ 'ਖੇਤ ਦੀ ਗਰਮੀ' ਨਿਕਲ ਜਾਵੇਗੀ। ਇਸ ਤਰ੍ਹਾਂ ਫਲਾਂ ਦੀ ਸਾਹ ਅਤੇ ਪੱਕਣ ਦੀ ਕਿਰਿਆ ਘੱਟ ਜਾਵੇਗੀ ਅਤੇ ਫਲ ਜ਼ਿਆਦਾ ਸਮੇਂ ਲਈ ਭੰਡਾਰ ਕੀਤੇ ਜਾ ਸਕਦੇ ਹਨ। ਫਲਾਂ ਦੀ ਆਕਾਰ ਅਤੇ ਰੰਗ ਦੇ ਆਧਾਰ 'ਤੇ ਦਰਜਾਬੰਦੀ ਕਰੋ, ਖਰਾਬ ਅਤੇ ਝਰੀਟੇ ਫਲਾਂ ਨੂੰ ਭੰਡਾਰਣ ਅਤੇ ਮੰਡੀਕਰਣ ਕਰਨ ਲਈ ਡੱਬਾਬੰਦੀ (ਗੱਤੇ ਦੇ ਡੱਬੇ ਵਿੱਚ) ਕਰਨ ਤੋਂ ਪਹਿਲਾਂ ਚੁਣ ਕੇ ਬਾਹਰ ਕੱਢ ਦਿਉ। ਡੱਬਾਬੰਦੀ ਵਾਸਤੇ ਦੋ ਕਿਲੋ, ਚਾਰ ਕਿਲੋ ਅਤੇ ਦਸ ਕਿਲੋ ਫਲਾਂ ਦੀ ਪੈਕਿੰਗ ਲਈ 340×220×100 ਮਿਲੀਮੀਟਰ ਆਕਾਰ, 340×220×190 ਮਿਲੀਮੀਟਰ ਆਕਾਰ ਅਤੇ 450×240×180 ਮਿਲੀਮੀਟਰ ਆਕਾਰ ਦੇ ਗੱਤੇ ਦੇ ਡੱਬੇ (ਸੀ. ਐਫ. ਬੀ.) ਕ੍ਰਮਵਾਰ ਸਿਫਾਰਿਸ਼ ਕੀਤੇ ਗਏ ਹਨ। ਫਲਾਂ ਨੂੰ ਡੱਬਿਆਂ ਵਿੱਚ ਜ਼ਿਆਦਾ ਵਿਰਲੇ ਜਾਂ ਤੰਗ ਪੈਕ ਨਾ ਕਰੋ, ਕਿਉਂਕਿ ਵਿਰਲੇ ਫਲ ਆਪੋ ਵਿੱਚ ਰਗੜਦੇ ਹਨ ਅਤੇ ਤੰਗ ਫਲਾਂ ਨੂੰ ਦੱਬ ਲੱਗ ਜਾਂਦੀ ਹੈ ਅਤੇ ਫਲ ਜਲਦੀ ਗਲ੍ਹ ਜਾਂਦੇ ਹਨ।

ਨਾਖਾਂ ਨੂੰ ਬਿਨ੍ਹਾਂ ਪਕਾਏ ਖਾਣ ਨਾਲ ਭਰਪੂਰ ਸੁਆਦ ਨਹੀਂ ਬਣਦਾ। ਫਲਾਂ ਨੂੰ 0-1 ਡਿਗਰੀ ਸੈਂਟੀਗ੍ਰੇਡ ਤਾਪਮਾਨ ਹੇਠ ਤਿੰਨ ਦਿਨ ਰੱਖ ਕੇ ਫਿਰ 20 ਡਿਗਰੀ ਸੈਂਟੀਗ੍ਰੇਡ ਤਾਪਮਾਨ 'ਤੇ ਤਿੰਨ ਦਿਨਾਂ (ਪੰਜਾਬੀ ਬਿਊਟੀ) ਅਤੇ ਚਾਰ ਦਿਨਾਂ (ਪੱਥਰਨਾਖ) ਵਿੱਚ ਪਕਾ ਸਕਦੇ ਹਾਂ। ਇਸ ਤੋਂ ਇਲਾਵਾ 1000 ਪੀ. ਪੀ. ਐਮ. ਇਥੀਫੋਨ (2.5 ਮਿਲੀਲੀਟਰ/ਲੀਟਰ ਪਾਣੀ) ਦੇ ਘੋਲ ਵਿੱਚ ਤਿੰਨ-ਚਾਰ ਮਿੰਟ ਲਈ ਡੁਬੋ ਕੇ ਜਾਂ 100 ਪੀ. ਪੀ. ਐਮ. ਇਥਾਇਲੀਨ ਗੈਸ ਦੇ ਸੰਪਰਕ ਵਿੱਚ 24 ਘੰਟੇ ਰੱਖਣ ਉਪਰੰਤ 20 ਡਿਗਰੀ ਸੈਂਟੀਗ੍ਰੇਡ ਤਾਪਮਾਨ 'ਤੇ ਸਟੋਰ ਕਰਕੇ ਵੀ ਪਕਾ ਸਕਦੇ ਹਾਂ। ਇਸ ਵਿਧੀ ਨਾਲ ਫਲ 8 ਦਿਨਾਂ (ਪੱਥਰਨਾਖ) ਅਤੇ 4 ਦਿਨਾਂ (ਪੰਜਾਬ ਬਿਊਟੀ) ਵਿੱਚ ਪੱਕ ਜਾਂਦੇ ਹਨ। ਡੱਬਾਬੰਦ ਫਲਾਂ ਦੀ ਤਾਜ਼ਾ ਖਪਤ ਦੇ ਨਾਲ-ਨਾਲ ਕਈ ਉਤਪਾਦ ਵੀ ਤਿਆਰ ਕੀਤੇ ਜਾ ਸਕਦੇ ਹਨ, ਜਿਵੇਂ ਕਿ ਸਕੁਐਸ਼, ਨੈਕਟਰ ਆਦਿ। ਇੰਝ ਸਹੀ ਤੁੜਾਈ, ਸਾਂਭ-ਸੰਭਾਲ ਅਤੇ ਭੰਡਾਰਨ ਦੇ ਢੰਗ ਅਪਨਾਉਣ ਨਾਲ ਨਾਖ ਦੇ ਫਲਾਂ ਦੀ ਗੁਣਵੱਤਾ ਲੰਬੇ ਸਮੇਂ ਤੱਕ ਬਣਾ ਕੇ ਰੱਖੀ ਜਾ ਸਕਦੀ ਹੈ।



# ਬਾਸਮਤੀ ਦੇ ਝੰਡਾ ਰੋਗ ਦੀ ਸੁਚੱਜੀ ਰੋਕਥਾਮ ਲਈ ਜ਼ਰੂਰੀ ਨੁਕਤੇ



**ਦਲਜੀਤ ਸਿੰਘ ਬੁੱਟਰ ਅਤੇ ਅਮਰਜੀਤ ਸਿੰਘ, ਪੌਦਾ ਰੋਗ ਵਿਭਾਗ, ਪੀ. ਏ. ਯੂ., ਲੁਧਿਆਣਾ**
(ਮੋ. 98729-25785)

ਪੰਜਾਬ ਵਿੱਚ ਬਾਸਮਤੀ ਸਾਉਣੀ ਰੁੱਤ ਦੀ ਇੱਕ ਮੁੱਖ ਫ਼ਸਲ ਹੈ। ਇਸ ਦੇ ਨਿਰਯਾਤ ਦੀਆਂ ਵਧੀਆ ਨੀਤੀਆਂ ਹੋਣ ਕਰਕੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੀ ਮੰਡੀ ਵਿੱਚ ਇਸ ਦਾ ਚੰਗਾ ਭਾਅ ਮਿਲਣ ਕਰਕੇ ਪਿਛਲੇ ਕਈ ਸਾਲਾਂ ਤੋਂ ਬਾਸਮਤੀ ਹੇਠ ਰਕਬਾ ਲਗਾਤਾਰ ਵੱਧ ਰਿਹਾ ਹੈ। ਸਾਲ 2024 ਦੌਰਾਨ ਪੰਜਾਬ ਵਿੱਚ ਬਾਸਮਤੀ ਹੇਠਾਂ 6.8 ਲੱਖ ਹੈਕਟੇਅਰ ਰਕਬਾ ਸੀ ਅਤੇ ਇਸ ਤੋਂ ਤਕਰੀਬਨ 33.32 ਲੱਖ ਟਨ ਪੈਦਾਵਾਰ ਮਿਲੀ। ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਨੇ ਬਾਸਮਤੀ ਦੇ ਝੰਡਾ ਰੋਗ ਦੀ ਰੋਕਥਾਮ ਲਈ ਇੱਕ ਬਾਇਓਕੰਟਰੋਲ ਏਜੰਟ (ਟ੍ਰਾਈਕੋਡਰਮਾ ਐਸਪੈਰੇਲਮ 2% ਡਬਲਿਊ. ਪੀ.) ਵਿਕਸਿਤ ਕੀਤਾ ਹੈ, ਜਿਸ ਨੂੰ ਸੈਂਟਰਲ ਇਨਸੈਕਟੀਸਾਈਡ ਬੋਰਡ ਅਤੇ ਰਜਿਸਟ੍ਰੇਸ਼ਨ ਕਮੇਟੀ, ਫਰੀਦਾਬਾਦ ਨੇ ਆਪਣੀ 31 ਮਈ, 2024 ਨੂੰ 9 (3ਬੀ) ਐਕਟ ਅਧੀਨ ਦਰਜ ਕਰਵਾ ਲਿਆ ਹੈ ਅਤੇ ਹੁਣ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਵਿਕਸਿਤ ਟ੍ਰਾਈਕੋਡਰਮਾ ਐਸਪੈਰੇਲਮ 2% ਡਬਲਿਊ. ਪੀ. ਨੂੰ ਬਾਸਮਤੀ ਦੇ ਝੰਡਾ ਰੋਗ ਦੀ ਰੋਕਥਾਮ ਕਰਨ ਲਈ ਆਈ. ਪੀ. ਐਲ., ਗੁਰੂਗ੍ਰਾਮ ਕੰਪਨੀ ਮਾਰਕਿਟ ਵੱਚ ਵੇਚੇਗੀ।

ਬਾਸਮਤੀ ਦੀ ਫ਼ਸਲ ਤੋਂ ਚੰਗਾ ਝਾੜ ਲੈਣ ਲਈ ਇਸ ਦੀਆਂ ਬਿਮਾਰੀਆਂ ਨੂੰ ਸਮੇਂ ਸਿਰ ਕਾਬੂ ਕਰਨਾ ਬਹੁਤ ਜ਼ਰੂਰੀ ਹੈ। ਇਸ ਦੀ ਸਫਲ ਕਾਸ਼ਤ ਕਰਨ ਵਿੱਚ ਬਾਸਮਤੀ ਦੇ ਪੈਰ ਗਲਣ ਦਾ ਰੋਗ ਜਾਂ ਝੰਡਾ ਰੋਗ ਇੱਕ ਬਹੁਤ ਵੱਡੀ ਸਮੱਸਿਆ ਹੈ। ਇਸ ਰੋਗ ਦਾ ਜ਼ਿਆਦਾ ਹਮਲਾ ਪੰਜਾਬ ਦੇ ਕੁਝ ਜ਼ਿਲ੍ਹਿਆਂ ਜਿਵੇਂ ਅੰਮ੍ਰਿਤਸਰ, ਗੁਰਦਾਸਪੁਰ, ਫਾਜ਼ਿਲਕਾ, ਤਰਨਤਾਰਨ ਅਤੇ ਕਪੂਰਥਲਾ ਦੇ ਕਈ ਪਿੰਡਾਂ ਵਿੱਚ ਦੇਖਿਆ ਗਿਆ, ਜਿਸ ਦੀ ਤੀਬਰਤਾ 2-10 ਫੀਸਦੀ ਪਾਈ ਗਈ ਹੈ। ਪਿਛਲੇ ਸਾਲ ਝੰਡਾ ਰੋਗ ਦਾ ਪ੍ਰਕੋਪ ਬਾਸਮਤੀ ਝੋਨੇ ਦੀਆਂ ਕਿਸਮਾਂ ਜਿਵੇਂ ਪੂਸਾ ਬਾਸਮਤੀ-1121, ਪੂਸਾ ਬਾਸਮਤੀ-1847, ਪੂਸਾ ਬਾਸਮਤੀ-1845, ਪੂਸਾ ਬਾਸਮਤੀ-1692 ਅਤੇ ਪੂਸਾ ਬਾਸਮਤੀ-1509 'ਤੇ ਦੇਖਿਆ ਗਿਆ ਸੀ। ਅਗੇਤੀ ਬਿਜਾਈ ਵਾਲੀ ਬਾਸਮਤੀ ਵਿੱਚ ਇਸ ਦਾ ਹਮਲਾ ਜ਼ਿਆਦਾ ਪਾਇਆ ਗਿਆ। ਇਹ ਰੋਗ ਬੀਜ ਰਾਹੀਂ ਆਉਂਦਾ ਹੈ। ਕਈ ਕਿਸਾਨ ਬੀਜ ਦੀ ਸੋਧ ਤਾਂ ਕਰ ਲੈਂਦੇ ਹਨ, ਪਰ ਪਨੀਰੀ ਦੀ ਸੋਧ ਨਹੀਂ ਕਰਦੇ। ਇਸ ਰੋਗ ਦੀ ਸੁਚੱਜੀ ਰੋਕਥਾਮ ਲਈ ਬੀਜ ਅਤੇ ਪਨੀਰੀ ਦੀ ਸੋਧ ਕਰਨੀ ਲਾਜ਼ਮੀ ਹੈ। ਕਿਸਾਨ ਝੰਡਾ ਰੋਗ ਨੂੰ ਸਮੇਂ ਸਿਰ ਕਾਬੂ ਕਰਕੇ ਬਾਸਮਤੀ ਝੋਨੇ ਦੇ ਝਾੜ ਦਾ ਨੁਕਸਾਨ ਹੋਣ ਤੋਂ ਰੋਕ ਸਕਦੇ ਹਨ।

ਪੈਰਾਂ ਦਾ ਗਲਣਾ ਜਾਂ ਝੰਡਾ ਰੋਗ ਇੱਕ ਉੱਲ੍ਹੀ ਰੋਗ ਹੈ, ਜੋ ਬਾਸਮਤੀ ਝੋਨੇ ਦੀਆਂ ਸਾਰੀਆਂ ਹੀ ਕਿਸਮਾਂ 'ਤੇ ਪਾਇਆ ਜਾਂਦਾ ਹੈ। ਕੋਈ ਵੀ ਕਿਸਮ ਇਸ ਰੋਗ ਦਾ ਟਾਕਰਾ ਨਹੀਂ ਕਰਦੀ। ਬਿਮਾਰੀ ਵਾਲਾ ਬੀਜ ਇਸ ਰੋਗ ਦਾ ਮੁੱਖ ਕਾਰਨ ਹੁੰਦਾ ਹੈ। ਇਸ ਰੋਗ ਦੇ ਜੀਵਾਣੂ ਫ਼ਸਲ ਦਾ ਝਾੜ ਘਟਾਉਣ ਤੋਂ ਇਲਾਵਾ ਇੱਕ ਮਾਈਕੋਟੋਕਸਿਨ (ਜ਼ਹਿਰੀਲੀ ਵਸਤੂ) ਵੀ ਪੈਦਾ ਕਰਦੇ ਹਨ, ਜੋ ਮਨੁੱਖਾਂ ਅਤੇ ਜਾਨਵਰਾਂ ਦੀ ਸਿਹਤ ਲਈ ਇੱਕ ਵੱਡਾ ਖਤਰਾ ਹੈ। ਇਸ ਰੋਗ ਦੀ ਉੱਲ੍ਹੀ ਦੇ ਕਣਕ ਮੁੱਖ ਤੌਰ 'ਤੇ ਬੀਜ ਅਤੇ ਮਿੱਟੀ ਰਾਹੀਂ ਫੈਲਦੇ ਹਨ, ਜਿਹੜੇ ਕਿ ਪਨੀਰੀ ਲਾਉਣ ਵੇਲੇ, ਬੀਜ ਦੇ ਪੁੰਗਰਨ ਸਮੇਂ ਜੜ੍ਹਾਂ ਜਾਂ ਧਰਤੀ ਨਾਲ ਲੱਗਦੇ ਤਣੇ ਦੇ ਹਿੱਸੇ ਰਾਹੀਂ ਸਾਰੇ ਪੌਦੇ 'ਤੇ ਹਮਲਾ ਕਰ ਦਿੰਦੇ ਹਨ, ਜਿਸ ਕਾਰਨ ਸ਼ੁਰੂ ਵਿੱਚ ਬੂਟੇ ਪੀਲੇ ਪੈ ਜਾਂਦੇ ਹਨ ਅਤੇ ਦੂਜਿਆਂ ਬੂਟਿਆਂ ਨਾਲੋਂ ਜ਼ਿਆਦਾ ਉੱਚੇ ਲੰਬੇ ਹੋ ਜਾਂਦੇ ਹਨ। ਬਾਅਦ ਵਿੱਚ ਇਹ ਬੂਟੇ ਥੱਲੇ ਤੋਂ ਉੱਪਰ ਵੱਲ ਮੁਰਝਾ ਕੇ ਸੁੱਕ ਜਾਂਦੇ ਹਨ। ਬਿਮਾਰੀ ਵਾਲੇ ਬੂਟੇ ਜ਼ਮੀਨ ਉਪਰਲੀਆਂ ਪੋਰੀਆਂ ਤੋਂ ਜੜ੍ਹਾਂ ਬਣਾ ਲੈਂਦੇ ਹਨ। ਰੋਗੀ ਪੌਦੇ ਦੇ ਤਣੇ 'ਤੇ ਗੁਲਾਬੀ ਰੰਗ ਦੀ ਉੱਲ੍ਹੀ ਵੀ ਵੇਖੀ ਜਾ ਸਕਦੀ ਹੈ। ਕਈ ਵਾਰੀ ਬਿਮਾਰੀ ਵਾਲੇ ਬੂਟੇ ਪਨੀਰੀ ਵਿੱਚ ਹੀ ਛੋਟੇ ਰਹਿ ਜਾਂਦੇ ਹਨ ਅਤੇ ਬਾਅਦ ਵਿੱਚ ਸੁੱਕ ਜਾਂਦੇ ਹਨ।

**ਝੰਡਾ ਰੋਗ ਦੀ ਸੁਚੱਜੀ ਰੋਕਥਾਮ ਲਈ ਜ਼ਰੂਰੀ ਨੁਕਤੇ :**

1. ਇਹ ਬਿਮਾਰੀ ਬੀਜ ਰਾਹੀਂ ਆਉਂਦੀ ਹੈ। ਇਸ ਲਈ ਹਮੇਸ਼ਾ ਰੋਗ ਰਹਿਤ ਬੀਜ ਦੀ ਵਰਤੋਂ ਕਰੋ।

2. ਅਗੇਤੀ ਬਿਜਾਈ ਵਾਲੀ ਫ਼ਸਲ 'ਤੇ ਇਸ ਰੋਗ ਦਾ ਹਮਲਾ ਜ਼ਿਆਦਾ ਵੇਖਣ ਨੂੰ ਮਿਲਦਾ ਹੈ, ਇਸ ਲਈ ਅਗੇਤੀ ਬਿਜਾਈ ਤੋਂ ਗੁਰੇਜ਼ ਕਰੋ।

3. ਰੋਗ ਰਹਿਤ ਪਨੀਰੀ ਤਿਆਰ ਕਰਨ ਲਈ ਪਹਿਲਾਂ ਬੀਜ ਨੂੰ 10 ਲੀਟਰ ਪਾਣੀ ਵਿੱਚ 12 ਘੰਟੇ ਲਈ ਡੁਬੋ ਦਿਓ। ਹਲਕਾ ਬੀਜ ਉੱਪਰ ਆ ਜਾਵੇਗਾ। ਉਸ ਨੂੰ ਨਿਤਾਰ ਕੇ ਬਾਹਰ ਕੱਢ ਦਿਓ ਅਤੇ 8 ਕਿਲੋ ਭਾਰਾ ਬੀਜ ਚੁਣ ਲਉ। ਬੀਜ ਨੂੰ ਬੀਜਣ ਤੋਂ ਪਹਿਲਾਂ 2% ਡਬਲਿਊ. ਪੀ. ਦੇ ਨਾਲ 15 ਗ੍ਰਾਮ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧ ਕੇ ਪਨੀਰੀ ਦੀ ਬਿਜਾਈ ਕਰ ਲਉ। ਪਨੀਰੀ ਖੇਤ ਵਿੱਚ ਲਾਉਣ ਤੋਂ ਪਹਿਲਾਂ ਉਸ ਦੀਆਂ ਜੜ੍ਹਾਂ ਵੀ 2% ਡਬਲਿਊ. ਪੀ. (15 ਗ੍ਰਾਮ ਪ੍ਰਤੀ ਲੀਟਰ ਪਾਣੀ) ਦੇ ਘੋਲ ਵਿੱਚ 6 ਘੰਟੇ ਲਈ ਡੁਬੋ ਕੇ ਸੋਧਣਾ ਬੜਾ ਲਾਜ਼ਮੀ ਹੈ।

4. ਜੇਕਰ ਬਿਮਾਰੀ ਵਾਲੇ ਬੂਟੇ ਪਨੀਰੀ ਅਤੇ ਖੇਤ ਵਿੱਚ ਦਿਖਾਈ ਦੇਣ ਤਾਂ ਉਨ੍ਹਾਂ ਨੂੰ ਸਮੇਂ ਸਿਰ ਪੁੱਟ ਕੇ ਨਸ਼ਟ ਕਰ ਦਿਉ।



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

**ਰਜਿਸਟਰਡ ਆਫਿਸ :**
9-ਏ, ਅਜੀਤ ਨਗਰ,
ਪਟਿਆਲਾ

**ਮਾਰਕੀਟਿੰਗ ਆਫਿਸ :**
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

**ਸਾਲ 43 ਅੰਕ 29**
**ਮਿਤੀ 19-07-2025**

**ਐਡੀਟਰ**
ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ

**ਸੰਪਾਦਕੀ ਬੋਰਡ**
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਛੱਤਰਾ
ਡਾ. ਵਰਿੰਦਰ ਲਾਠਰ

**ਕੰਪੋਜ਼ਿੰਗ**
ਏਕਤਾ ਕੰਪਿਊਟਰਜ਼, ਪਟਿਆਲਾ



## ਨੋਟ

- ★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ । ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ ।
- ★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ ।
- ★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ ।



Editor : **JAGPREET SINGH**,
Printer, Publisher and Owner of Weekly
**'KHETI DUNIYAN'** Printed at **Varginia Printers**,
Shere-e-Punjab Market, Gaushala Road, Patiala-147001 (Pb.)
and published from **Kheti Duniyan**, House No. 9-A, Ajit Nagar,
Patiala-147001 (Pb.). E-mail : khetiduniyan1983@gmail.com
Phone No. 0175-2214575, RNI No.**PUNPUN00806**


# ਵਿਕਸਿਤ ਕ੍ਰਿਸ਼ੀ ਸੰਕਲਪ ਅਭਿਆਨ - ਆਧੁਨਿਕ ਖੇਤੀ ਵੱਲ ਇੱਕ ਸੁਚਾਰੂ ਕਦਮ

ਭਾਰਤ ਸਰਕਾਰ ਵੱਲੋਂ 'ਵਿਕਸਿਤ ਭਾਰਤ 2047' ਦੇ ਦ੍ਰਿਸ਼ਟੀਕੋਣ ਤਹਿਤ ਖੇਤੀਬਾੜੀ ਨੂੰ ਆਧੁਨਿਕ, ਲਾਭਕਾਰੀ ਅਤੇ ਟਿਕਾਊ ਬਣਾਉਣ ਲਈ 'ਵਿਕਸਿਤ ਕ੍ਰਿਸ਼ੀ ਸੰਕਲਪ ਅਭਿਆਨ 2025' ਦੀ ਸ਼ੁਰੂਆਤ ਕੀਤੀ ਗਈ । ਜਿਸਦੇ ਤਹਿਤ ਭਾਰਤ ਸਰਕਾਰ ਦੇ ਖੇਤੀ ਨਾਲ ਸੰਬੰਧਿਤ ਅਦਾਰਿਆਂ ਦੇ ਵਿਗਿਆਨੀ ਭਾਰਤੀ ਖੇਤੀ ਖੋਜ ਪਰਿਸ਼ਦ, ਕੇ. ਵੀ. ਕੇ., ਸੂਬੇ ਦੀਆਂ ਖੇਤੀ ਯੂਨੀਵਰਸਿਟੀਆਂ, ਰਾਜਾਂ ਦੇ ਖੇਤੀ ਵਿਭਾਗ ਅਤੇ ਸਹਿਯੋਗੀ ਅਦਾਰੇ ਨਿਰਦੇਸ਼ਕ ਪੀ. ਏ. ਯੂ., ਲੁਧਿਆਣਾ ਅਤੇ ਨਿਰਦੇਸ਼ਕ ਅਟਾਰੀ, ਲੁਧਿਆਣਾ ਦੀ ਯੋਗ ਅਗਵਾਈ ਵਿੱਚ ਸਿੱਧੇ ਤੌਰ 'ਤੇ ਕਿਸਾਨਾਂ ਦੇ ਰੂਬਰੂ ਹੋਏ ਅਤੇ ਕਿਸਾਨਾਂ ਨੂੰ ਆਧੁਨਿਕ ਖੇਤੀਬਾੜੀ ਦੀਆਂ ਤਕਨੀਕਾਂ, ਨਵੇਂ ਬੀਜਾਂ, ਖਾਦਾਂ, ਖੇਤੀ ਸੰਦਾਂ ਆਦਿ ਬਾਰੇ ਜਾਣਕਾਰੀ ਦਿੱਤੀ ਗਈ । ਕੇਂਦਰੀ ਖੇਤੀਬਾੜੀ ਮੰਤਰੀ ਸ਼੍ਰੀ ਸ਼ਿਵਰਾਜ ਸਿੰਘ ਚੌਹਾਨ ਵੱਲੋਂ 29 ਮਈ, 2025 ਨੂੰ ਇਹ ਮੁਹਿੰਮ ਸ਼ੁਰੂ ਕੀਤੀ, ਜੋ ਕਿ 12 ਜੂਨ, 2025 ਤੱਕ ਚੱਲੀ, ਜਿਸ ਰਾਹੀਂ 'ਲੈਬ ਤੋਂ ਲੈਂਡ' ਦੇ ਸਿਧਾਂਤ ਅਨੁਸਾਰ ਖੇਤੀ ਖੋਜਾਂ ਨੂੰ ਕਿਸਾਨਾਂ ਦੇ ਖੇਤਾਂ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਗਈ । ਦੇਸ਼ ਦੇ 700 ਤੋਂ ਵੱਧ ਜ਼ਿਲ੍ਹਿਆਂ, ਲਗਭਗ 65 ਹਜ਼ਾਰ ਪਿੰਡਾਂ ਅਤੇ 1.5 ਕਰੋੜ ਕਿਸਾਨਾਂ ਨਾਲ ਰਾਬਤਾ ਖੇਤੀ ਕਰਨ ਲਈ ਵਿਗਿਆਨੀਆਂ ਦੀਆਂ 2170 ਟੀਮਾਂ ਵੱਲੋਂ ਪਹੁੰਚ ਕੀਤੀ ਗਈ । ਜਿੱਥੇ ਇਸ ਮੁਹਿੰਮ ਤਹਿਤ ਵਿਗਿਆਨੀਆਂ ਵੱਲੋਂ ਪੂਰੇ ਭਾਰਤ ਦੇ ਕਿਸਾਨਾਂ ਕੋਲ ਪਹੁੰਚ ਕੀਤੀ ਗਈ, ਉਥੇ ਪੰਜਾਬ ਵਿੱਚ ਵੀ ਇਸ ਅਭਿਆਨ ਤਹਿਤ ਪੂਰੇ ਪੰਜਾਬ ਦੇ ਕਿਸਾਨਾਂ ਨਾਲ ਪੀ. ਏ. ਯੂ. ਦੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਦੇ ਵਿਗਿਆਨੀਆਂ ਵੱਲੋਂ ਪਹੁੰਚ ਕੀਤੀ ਗਈ । ਪੰਜਾਬ ਖੇਤੀਬਾੜੀ ਪ੍ਰਧਾਨ ਸੂਬਾ ਹੈ ਅਤੇ ਜੇਕਰ ਖੇਤੀਬਾੜੀ ਵਿੱਚ ਆ ਰਹੀਆਂ ਮੁਸ਼ਕਿਲਾਂ ਦਾ ਨਿਪਟਾਰਾ ਕਰ ਲਿਆ ਜਾਵੇ ਤਾਂ ਪੰਜਾਬ ਵਿੱਚ ਖੇਤੀਬਾੜੀ ਦਾ ਭਵਿੱਖ ਬਹੁਤ ਸ਼ਾਨਦਾਰ ਹੋ ਸਕਦਾ ਹੈ । ਪੰਜਾਬ ਦੀ ਖੇਤੀਬਾੜੀ ਨੂੰ ਪ੍ਰਫੁੱਲਿਤ ਕਰਨ ਵਿੱਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਅਤੇ ਪੀ. ਏ. ਯੂ. ਦੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਨੇ ਬਹੁਤ ਵੱਡਾ ਰੋਲ ਅਦਾ ਕੀਤਾ ਹੈ । ਇਸ ਮੁਹਿੰਮ ਤਹਿਤ ਪੰਜਾਬ ਦੇ ਖੇਤੀ ਵਿਗਿਆਨੀਆਂ ਨੇ ਪਿੰਡ-ਪਿੰਡ ਤੱਕ ਪਹੁੰਚ ਕੀਤੀ ਹੈ । ਆਮ ਤੌਰ 'ਤੇ ਵਿਗਿਆਨੀ ਲੈਬਾਂ ਵਿੱਚ ਖੋਜਾਂ ਕਰਨ ਤੱਕ ਸੀਮਤ ਰਹਿੰਦੇ ਹਨ ਅਤੇ ਕਈ ਵਾਰੀ ਜ਼ਮੀਨੀ ਮੁਸ਼ਕਿਲਾਂ ਤੋਂ ਅਸਿੱਧੇ ਤੌਰ 'ਤੇ ਦੇਰ ਨਾਲ ਜਾਣੂ ਹੁੰਦੇ ਹਨ, ਪਰ ਇਸ ਮੁਹਿੰਮ ਤਹਿਤ ਵਿਗਿਆਨੀਆਂ ਨੂੰ ਸਿੱਧੇ ਰੂਪ ਵਿੱਚ ਕਿਸਾਨਾਂ ਨਾਲ ਅਤੇ ਕਿਸਾਨਾਂ ਨੂੰ ਸਿੱਧੇ ਤੌਰ 'ਤੇ ਵਿਗਿਆਨੀਆਂ ਨਾਲ ਗੱਲਬਾਤ ਕਰਨ ਦਾ ਮੌਕਾ ਮਿਲਿਆ ਹੈ ।



ਇਸ ਨਾਲ ਵਿਗਿਆਨੀਆਂ ਨੇ ਸਿੱਧੇ ਤੌਰ 'ਤੇ ਕਿਸਾਨਾਂ ਨੂੰ ਆ ਰਹੀਆਂ ਮੁਸ਼ਕਿਲਾਂ ਦੀ ਨਬਜ਼ ਫੜੀ ਹੈ । ਨਵੀਆਂ ਖੋਜਾਂ ਰਾਹੀਂ ਮੁਸ਼ਕਿਲਾਂ ਦਾ ਨਿਪਟਾਰਾ ਕਰਨ ਦੀ ਕੋਸ਼ਿਸ਼ ਕੀਤੀ ਹੈ । ਇਸ ਮੁਹਿੰਮ ਵਿੱਚ ਪੰਜਾਬ ਦੇ ਕਿਸਾਨਾਂ ਵੱਲੋਂ ਉਨ੍ਹਾਂ ਨੂੰ ਖੇਤੀ ਵਿੱਚ ਆ ਰਹੀਆਂ ਮੁਸ਼ਕਿਲਾਂ ਜਿਵੇਂ ਕਿ ਪਰਾਲੀ ਦੀ ਸਮੱਸਿਆ, ਬੀਜਾਂ ਦੀ ਸਮੱਸਿਆ, ਨਵੀਆਂ ਤਕਨੀਕਾਂ ਨੂੰ ਅਪਣਾਉਣ ਦੀ ਜ਼ਰੂਰਤ, ਖੇਤੀ ਵਿਭਿੰਨਤਾ, ਖੇਤੀ ਉਤਪਾਦਨ, ਖੇਤੀ ਵਿੱਚ ਆ ਰਹੇ ਖਰਚ, ਮੰਡੀਕਰਨ, ਫ਼ਸਲਾਂ ਦੀਆਂ ਕੀਮਤਾਂ ਆਦਿ ਬਾਰੇ ਵੱਡਮੁੱਲੀ ਜਾਣਕਾਰੀ ਦਿੱਤੀ ਗਈ । ਵਿਗਿਆਨੀਆਂ ਵੱਲੋਂ ਇਸ ਮੁਹਿੰਮ ਦੇ ਉਦੇਸ਼ਾਂ ਤਹਿਤ ਖੇਤੀ ਵਿੱਚ ਆਧੁਨਿਕਤਾ ਲੈ ਕੇ ਆਉਣ ਲਈ ਨਵੇਂ ਤਕਨੀਕੀ ਸਾਧਨਾਂ ਦੀ ਵਰਤੋਂ, ਮਿੱਟੀ ਦੀ ਜਾਂਚ ਅਤੇ ਪਾਣੀ ਦੀ ਸੁਚੱਜੀ ਵਰਤੋਂ, ਟਿਕਾਊ ਖੇਤੀ ਦੇ ਢੰਗ, ਫ਼ਸਲੀ ਚੱਕਰ ਵਿੱਚ ਸੁਧਾਰ, ਜੈਵਿਕ ਅਤੇ ਕੁਦਰਤੀ ਖੇਤੀ ਨੂੰ ਉਤਸ਼ਾਹਿਤ ਕਰਨ, ਰਹਿੰਦ-ਖੂੰਹਦ ਅਤੇ ਪਰਾਲੀ ਸੰਭਾਲ ਦੇ ਨਵੇਂ ਢੰਗ, ਕਿਸਾਨਾਂ ਦੀ ਆਮਦਨ ਵਧਾਉਣ, ਮੰਡੀਕਰਨ ਦੇ ਆਧੁਨਿਕ ਤਰੀਕੇ, ਐਗਰੀ-ਬਿਜ਼ਨਸ ਅਤੇ ਐਗਰੀ-ਸਟਾਰਟਅਪਜ਼ ਨੂੰ ਉਤਸ਼ਾਹਿਤ ਕਰਨ, ਸਰਕਾਰ ਦੀਆਂ ਸਕੀਮਾਂ ਦੀ ਜਾਣਕਾਰੀ, ਕਿਸਾਨ ਬੀਬੀਆਂ ਅਤੇ ਨੌਜਵਾਨਾਂ ਦੀ ਖੇਤੀ ਵਿੱਚ ਹਿੱਸੇਦਾਰੀ ਵਧਾਉਣ, ਕਿਸਾਨਾਂ ਨੂੰ ਸਵੈ-ਰੋਜ਼ਗਾਰ ਅਤੇ ਘਰੇਲੂ ਉਦਯੋਗ ਵੱਲ ਪ੍ਰੇਰਿਤ ਕਰਨ ਜਿਹੀਆਂ ਜਾਣਕਾਰੀਆਂ ਦਿੱਤੀਆਂ ਗਈਆਂ ਹਨ । ਜਿਸਦੇ ਸਿੱਟੇ ਵਜੋਂ ਪਿੰਡਾਂ ਵਿੱਚ ਕਿਸਾਨਾਂ, ਨੌਜਵਾਨਾਂ ਅਤੇ ਮਹਿਲਾਵਾਂ ਵੱਲੋਂ ਇਸ ਮੁਹਿੰਮ ਤਹਿਤ ਪਹੁੰਚੇ ਵਿਗਿਆਨੀਆਂ ਵੱਲੋਂ ਦਿੱਤੀ ਜਾ ਰਹੀ ਜਾਣਕਾਰੀ ਵੱਲ ਖਾਸ ਰੁਚੀ ਦਿਖਾਈ ਗਈ ਹੈ ਅਤੇ ਆਧੁਨਿਕ ਖੇਤੀ ਅਪਣਾਉਣ ਵੱਲ ਆਕਰਸ਼ਿਤ ਹੋਏ । ਇਹ ਆਸ ਕੀਤੀ ਜਾ ਸਕਦੀ ਹੈ ਕਿ ਪੰਜਾਬ ਦੇ ਕਿਸਾਨ, ਖਾਸ ਕਰਕੇ ਨੌਜਵਾਨ ਅਤੇ ਔਰਤਾਂ, ਇਸ ਮੁਹਿੰਮ ਦਾ ਹਿੱਸਾ ਬਣ ਕੇ 'ਵਿਕਸਿਤ ਭਾਰਤ 2047' ਦੇ ਸੁਪਨੇ ਨੂੰ ਸਾਕਾਰ ਕਰਨਗੇ ।


**ਪ੍ਰਦੀਪ ਕੁਮਾਰ ਅਤੇ ਰਜਿੰਦਰ ਕੌਰ,**
**ਕ੍ਰਿਸ਼ੀ ਵਿਗਿਆਨ ਕੇਂਦਰ, ਲੰਗੜੋਆ**
(ਮੋ. 950 10-23334)


# ਝੋਨੇ ਦੀ ਸਿੱਧੀ ਬਿਜਾਈ ਕਰ ਰਿਹੈ ਰਮਜੀਤ

**★ ਪਿਛਲੇ ਚਾਰ ਸਾਲ ਤੋਂ ਇਸ ਕਾਰਜ ਵਿੱਚ ਅੱਗੇ ਵੱਧ ਰਿਹੈ ਕਿਸਾਨ ★ ਦੂਜੇ ਕਿਸਾਨਾਂ ਨੂੰ ਵੀ ਇਸ ਬਾਰੇ ਕਰ ਰਿਹਾ ਹੈ ਜਾਗਰੂਕ**

ਪਾਣੀ ਦੇ ਦਿਨੋਂ-ਦਿਨ ਘੱਟ ਰਹੇ ਪੱਧਰ ਤੋਂ ਇਲਾਵਾ ਭਾਰਤ ਪਾਕਿਸਤਾਨ ਵੱਲੋਂ ਪਾਣੀ ਦੀਆਂ ਲੜੀਆਂ ਜਾ ਰਹੀਆਂ ਲੜਾਈਆਂ ਦੌਰਾਨ ਜਿੱਥੇ ਖੇਤੀ ਖੋਜਕਾਰਾਂ ਵੱਲੋਂ ਨਵੀਆਂ-ਨਵੀਆਂ ਖੋਜਾਂ ਰਾਹੀਂ ਫ਼ਸਲਾਂ ਦੀ ਬਿਜਾਈ ਕੀਤੀ ਜਾ ਰਹੀ ਹੈ, ਉਥੇ ਹੀ ਇਥੋਂ ਥੋੜ੍ਹੀ ਦੂਰ ਪੈਂਦੇ ਸਰਹੱਦੀ ਪਿੰਡ ਸ਼ਾਹਪੁਰ ਗੁਰਾਇਆ ਦੇ ਅਗਾਂਹਵਧੂ ਕਿਸਾਨ ਰਮਜੀਤ ਸਿੰਘ ਵੱਲੋਂ ਆਪਣੀ ਜ਼ਮੀਨ 'ਤੇ ਪਾਣੀ ਦੀ ਸੰਭਾਲ ਲਈ ਨਵੀਆਂ ਵਿਧੀਆਂ ਅਤੇ ਤਕਨੀਕਾਂ ਨੂੰ ਅਪਣਾ ਕੇ ਇਸ ਮੁਹਿੰਮ ਵਿੱਚ ਯੋਗਦਾਨ ਪਾਇਆ ਜਾ ਰਿਹਾ ਹੈ । ਮੌਜੂਦਾ ਸਾਉਣੀ ਦੇ ਸੀਜ਼ਨ ਵਿੱਚ ਜਿੱਥੇ ਕਿਸਾਨਾਂ ਵੱਲੋਂ ਝੋਨੇ ਦੀ ਲਵਾਈ ਲਈ ਪਨੀਰੀ ਬੀਜੀ ਜਾ ਰਹੀ ਹੈ, ਉਥੇ ਹੀ ਕਿਸਾਨ ਰਮਜੀਤ ਸਿੰਘ ਵੱਲੋਂ ਕੱਦੂ ਵਾਲੇ ਝੋਨੇ ਦੀ ਥਾਂ ਝੋਨੇ ਦੀ ਸਿੱਧੀ ਬਿਜਾਈ ਕੀਤੀ ਜਾ ਰਹੀ ਹੈ । ਕਿਸਾਨ ਅਨੁਸਾਰ ਉਸ ਵੱਲੋਂ ਇਹ ਵਿਧੀ ਪਿਛਲੇ 4 ਸਾਲਾਂ ਤੋਂ ਅਪਣਾਈ ਜਾ ਰਹੀ ਹੈ । ਇਸ ਵਿਧੀ ਦੇ ਫਾਇਦੇ ਗਿਣਾਉਂਦਿਆਂ ਕਿਸਾਨ ਨੇ ਦੱਸਿਆ ਕਿ ਇਸ ਨਾਲ ਪਾਣੀ ਦੀ 15-20 ਫੀਸਦੀ ਬੱਚਤ ਹੁੰਦੀ ਹੈ, ਲੇਬਰ ਘੱਟ ਲੱਗਦੀ ਹੈ, ਜ਼ਮੀਨ ਹੇਠਲੇ ਪਾਣੀ ਦਾ ਪੱਧਰ ਸਹੀ ਰਹਿੰਦਾ ਹੈ ਅਤੇ ਨਾਲ ਹੀ ਝਾੜ ਵੀ ਵਧੀਆ ਨਿਕਲਦਾ ਹੈ ।



ਕਿਸਾਨ ਵੱਲੋਂ ਦੱਸਿਆ ਗਿਆ ਕਿ ਪਹਿਲਾਂ ਉਹ ਵੀ ਕੱਦੂ ਵਾਲੇ ਝੋਨੇ ਦੀ ਕਾਸ਼ਤ ਕਰਦੇ ਸੀ, ਪਰ ਦਿਨ ਪ੍ਰਤੀ ਦਿਨ ਘਟਦੇ ਪਾਣੀ ਦੇ ਪੱਧਰ ਦੀਆਂ ਖਬਰਾਂ ਦੇ ਚੱਲਦਿਆਂ ਉਨ੍ਹਾਂ ਵੱਲੋਂ ਇਸ ਸਮੱਸਿਆ ਲਈ ਕੋਈ ਠੋਸ ਅਤੇ ਟਿਕਾਊ ਹੱਲ ਲੱਭਣ ਦੀ ਕੋਸ਼ਿਸ਼ ਕੀਤੀ ਗਈ । ਇਸ ਦੇ ਸੰਬੰਧ ਵਿੱਚ ਖੇਤੀਬਾੜੀ ਵਿਭਾਗ ਡੇਰਾ ਬਾਬਾ ਨਾਨਕ ਵਿਖੇ ਸੰਪਰਕ ਕੀਤਾ ਗਿਆ । ਖੇਤੀਬਾੜੀ ਅਧਿਕਾਰੀਆਂ ਵੱਲੋਂ ਝੋਨੇ ਦੀ ਸਿੱਧੀ ਬਿਜਾਈ ਅਪਣਾਉਣ ਲਈ ਪ੍ਰੇਰਿਆ ਗਿਆ । ਇਸ ਸਲਾਹ 'ਤੇ ਚੱਲਦਿਆਂ ਕਿਸਾਨ ਵੱਲੋਂ ਝੋਨੇ ਦੀ ਸਿੱਧੀ ਬਿਜਾਈ ਅਪਣਾ ਲਈ ਗਈ । ਸ਼ੁਰੂਆਤ ਵਿੱਚ ਕਿਸਾਨ ਵੱਲੋਂ ਕਿਰਾਏ 'ਤੇ ਡਰਿੱਲ ਲੈ ਕੇ ਬਿਜਾਈ ਕੀਤੀ ਗਈ ਸੀ, ਜਿਸ ਵਿੱਚ ਉਨ੍ਹਾਂ ਇੱਕ ਕਿੱਲੇ ਵਿੱਚ 8-9 ਕਿਲੋ ਬੀਜ ਕੇਰਿਆ ਗਿਆ । ਖੇਤੀਬਾੜੀ ਮਹਿਕਮੇ ਦੀ ਸਲਾਹ ਅਨੁਸਾਰ ਉਨ੍ਹਾਂ ਬਿਜਾਈ ਦੇ 24-48 ਘੰਟਿਆਂ ਵਿੱਚ ਨਦੀਨ-ਨਾਸ਼ਕ ਦਵਾਈ ਦੀ ਸਪਰੇਅ ਕਰ ਦਿੱਤੀ ਤਾਂ ਜੋ ਨਦੀਨਾਂ ਦੀ ਸਮੱਸਿਆ ਤੋਂ ਨਿਜਾਤ ਪਾਈ ਜਾ ਸਕੇ । ਕਿਸਾਨ ਨੇ ਦੱਸਿਆ ਕਿ ਇਸ ਉਪਰੰਤ ਵੀ ਉਨ੍ਹਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਸਿਫਾਰਿਸ਼ ਅਨੁਸਾਰ ਹਰ ਇੱਕ ਕਦਮ ਚੁੱਕਿਆ, ਜਿਸ ਨਾਲ ਉਨ੍ਹਾਂ ਨੂੰ ਘੱਟ ਪਾਣੀ ਵਰਤਦਿਆਂ, ਕੱਦੂ ਵਾਲੇ ਝੋਨੇ ਦੇ ਬਰਾਬਰ ਝਾੜ ਮਿਲਿਆ ।

## ਪੰਜਾਬ ਸਰਕਾਰ ਵੱਲੋਂ ਵੀ ਮਿਲੀ ਮਾਲੀ ਮੱਦਦ

ਉਨ੍ਹਾਂ ਦੱਸਿਆ ਕਿ ਇਸ ਵਿਧੀ ਨੂੰ ਅਪਣਾਉਣ ਲਈ ਪੰਜਾਬ ਸਰਕਾਰ ਵੱਲੋਂ ਪ੍ਰਤੀ ਕਿੱਲਾ 1500 ਰੁਪਏ ਦੀ ਮਾਲੀ ਸਹਾਇਤਾ ਵੀ ਦਿੱਤੀ ਗਈ । ਅੱਜ ਕਿਸਾਨ ਆਪਣੇ ਕਰੀਬ 30 ਏਕੜ ਵਿੱਚ ਝੋਨੇ ਦੀ ਸਿੱਧੀ ਬਿਜਾਈ ਕਰ ਰਿਹਾ ਹੈ । ਕਿਸਾਨ ਵੱਲੋਂ ਦੱਸਿਆ ਗਿਆ ਕਿ ਹੁਣ ਉਨ੍ਹਾਂ ਖੇਤੀਬਾੜੀ ਮਹਿਕਮੇ ਦੇ ਸਹਿਯੋਗ ਨਾਲ ਖੇਤੀ ਮਸ਼ੀਨਰੀ ਦੀ ਖਰੀਦ ਸਬਸਿਡੀ ਕੀਤੀ ਗਈ ਹੈ, ਜਿਸ ਵਿੱਚ ਸੁਪਰ ਸੀਡਰ, ਆਰਬੀ ਪਲੋਅ, ਬੂਮ ਸਪਰੇਅਰ ਆਦਿ ਵਰਗੀਆਂ ਮਸ਼ੀਨਾਂ ਸ਼ਾਮਲ ਹਨ । ਇਸ ਸਾਲ ਉਨ੍ਹਾਂ ਵੱਲੋਂ ਕਣਕ ਦੇ ਨਾੜ ਨੂੰ ਬਿਨਾਂ ਅੱਗ ਲਗਾਏ ਆਰਬੀ ਪਲੋਅ ਨਾਲ ਜ਼ਮੀਨ ਦੇ ਵਿੱਚ ਵਾਹ ਦਿੱਤਾ ਗਿਆ ਅਤੇ ਇਸ ਤੋਂ ਉਪਰੰਤ ਜ਼ਮੀਨ ਨੂੰ ਪਾਣੀ ਲਾਉਣ ਉਪਰੰਤ ਜ਼ਮੀਨ ਦੀ ਤਿਆਰੀ ਕਰਕੇ ਝੋਨੇ ਦੀ ਸਿੱਧੀ ਬਿਜਾਈ ਕੀਤੀ ਜਾ ਰਹੀ ਹੈ ।

# ਝੋਨੇ ਅਤੇ ਬਾਸਮਤੀ ਦੇ ਮੁੱਖ ਕੀੜਿਆਂ ਦੀ ਸਰਬਪੱਖੀ ਢੰਗਾਂ ਨਾਲ ਰੋਕਥਾਮ

ਪ੍ਰੀਤਇੰਦਰ ਸਿੰਘ ਸਰਾਓ, ਹਰਪਾਲ ਸਿੰਘ ਰੰਧਾਵਾ ਅਤੇ ਰੂਬਲਜੋਤ ਕੂਨਰ, ਪਲਾਂਟ ਬ੍ਰੀਡਿੰਗ ਅਤੇ ਜੈਨੇਟਿਕਸ ਵਿਭਾਗ, ਪੀ. ਏ. ਯੂ. ਖੇਤਰੀ ਸਟੇਸ਼ਨ ਗੁਰਦਾਸਪੁਰ ਅਤੇ ਕੀਟ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 98720-06248)

**ਲਗਭਗ ਦਰਜਨ ਤੋਂ ਵੀ ਵੱਧ ਕੀੜੇ-ਮਕੌੜੇ ਝੋਨਾ ਅਤੇ ਬਾਸਮਤੀ ਦੀ ਫਸਲ 'ਤੇ ਹਮਲਾ ਕਰਦੇ ਹਨ, ਜਿਸ ਕਾਰਨ ਝਾੜ ਅਤੇ ਉਪਜ ਦੀ ਗੁਣਵੱਤਾ ਬਹੁਤ ਪ੍ਰਭਾਵਿਤ ਹੁੰਦੀ ਹੈ। ਕੀੜਿਆਂ ਦੀ ਰੋਕਥਾਮ ਲਈ ਕਿਸਾਨ ਰਸਾਇਣਕ ਦਵਾਈਆਂ ਦੀ ਬੇਲੋੜੀ ਵਰਤੋਂ ਕਰਦੇ ਹਨ, ਜੋ ਉਪਜ/ਦਾਣਿਆਂ ਵਿੱਚ ਕੀਟਨਾਸ਼ਕਾਂ ਦੀ ਰਹਿੰਦ-ਖੂੰਹਦ, ਵਾਤਾਵਰਨ ਨੂੰ ਦੂਸ਼ਿਤ ਕਰਨ ਅਤੇ ਗੰਭੀਰ ਸਿਹਤ ਸਮੱਸਿਆ ਦਾ ਕਾਰਨ ਬਣਦੀ ਹੈ। ਇਸ ਲਈ ਸਰਬਪੱਖੀ ਰੋਕਥਾਮ ਕੀੜਿਆਂ ਦੀ ਸੁਚੱਜੀ ਰੋਕਥਾਮ ਦੀ ਉਹ ਵਿਧੀ ਹੈ, ਜਿਸ ਵਿੱਚ ਕੀੜੇ ਨੂੰ ਕਾਬੂ ਕਰਨ ਅਤੇ ਮਾਰਨ ਲਈ ਵੱਖ-ਵੱਖ ਤਰੀਕਿਆਂ ਦੀ ਵਿਉਂਤਬੰਦ ਢੰਗ ਨਾਲ ਵਰਤੋਂ ਕੀਤੀ ਜਾਂਦੀ ਹੈ। ਝੋਨੇ ਅਤੇ ਬਾਸਮਤੀ ਦੇ ਵੱਖ-ਵੱਖ ਕੀੜਿਆਂ ਦੀ ਸਰਬਪੱਖੀ ਰੋਕਥਾਮ ਹੇਠਾਂ ਲਿਖੇ ਅਨੁਸਾਰ ਹੈ।**

**ਸਮੇਂ ਸਿਰ ਬਿਜਾਈ** : ਫ਼ਸਲ ਦੀ ਪਨੀਰੀ ਦੀ ਬਿਜਾਈ/ਲਵਾਈ ਨੂੰ ਸਿਫਾਰਿਸ਼ ਕੀਤੇ ਸਮੇਂ ਅਨੁਸਾਰ ਹੀ ਲਗਾਓ। ਇਸ ਨਾਲ ਆਉਣ ਵਾਲੀ ਝੋਨਾ/ਬਾਸਮਤੀ ਦੀ ਫ਼ਸਲ 'ਤੇ ਵੀ ਤਣੇ ਦੇ ਗੜੂੰਏਂ ਅਤੇ ਸੁੰਡੀਆਂ ਦੀਆਂ ਪੁਸ਼ਤਾਂ/ਪੀੜ੍ਹੀਆਂ ਘਟਣਗੀਆਂ। ਪੂਸਾ-44, ਪੀਲੀ ਪੂਸਾ ਅਤੇ ਡੋਗਰ ਪੂਸਾ ਦੀ ਕਾਸ਼ਤ ਤੋਂ ਗੁਰੇਜ਼ ਕਰੋ। ਇਨ੍ਹਾਂ ਨੂੰ ਸਿਫਾਰਿਸ਼ ਕਿਸਮਾਂ ਦੇ ਮੁਕਾਬਲੇ 15-20% ਵੱਧ ਪਾਣੀ ਅਤੇ ਕੀਟਨਾਸ਼ਕਾਂ ਦੀਆਂ ਘੱਟੋ-ਘੱਟ ਦੋ ਵਾਧੂ ਸਪਰੇਆਂ ਦੀ ਲੋੜ ਪੈਂਦੀ ਹੈ, ਜਿਸ ਕਰਕੇ ਮੁਨਾਫਾ ਘਟਦਾ ਹੈ।

**ਕੀਟਨਾਸ਼ਕ** : ਫ਼ਸਲਾਂ ਵਿੱਚ ਲਗਾਤਾਰ ਸੁੰਡੀਆਂ ਦੇ ਨੁਕਸਾਨ ਦਾ



ਸਰਵੇਖਣ ਕਰਦੇ ਰਹਿਣਾ ਚਾਹੀਦਾ ਹੈ ਅਤੇ ਜਦੋਂ ਝੋਨੇ ਵਿੱਚ ਸੁੱਕੀਆਂ ਗੋਭਾਂ 5% (ਇਕਨਾਮਿਕ ਥਰੈਸ਼ਹੋਲਡ ਲੈਵਲ/ਈ. ਟੀ. ਐਲ.) ਅਤੇ ਬਾਸਮਤੀ ਵਿੱਚ 2% (ਈ. ਟੀ. ਐਲ.) ਤੋਂ ਵੱਧ ਜਾਣ ਤਾਂ ਸਿਫਾਰਿਸ਼ ਮਾਤਰਾ ਵਿੱਚ ਸਿਫਾਰਿਸ਼ ਕੀਤੇ ਨਦੀਨਨਾਸ਼ਕ ਹੀ ਵਰਤੋ।

**ਕਾਸ਼ਤਕਾਰੀ ਢੰਗ** : ਪੱਤਾ ਲਪੇਟ ਸੁੰਡੀ ਦਾ ਹਮਲਾ ਅਤੇ ਨੁਕਸਾਨ ਦਰੱਖਤਾਂ ਦੀ ਛਾਂ ਹੇਠ ਵੱਧ ਹੁੰਦਾ ਹੈ, ਜੋ ਕੀੜੇ ਦੇ ਫੈਲਾਅ ਲਈ ਮੁੱਖ ਜਗ੍ਹਾ ਬਣ ਜਾਂਦੀ ਹੈ। ਇਸ ਕਰਕੇ ਛਾਂਦਾਰ ਥਾਵਾਂ 'ਤੇ ਕੀੜੇ ਦੀ ਮੌਜੂਦਗੀ ਨੂੰ ਦੇਖਦੇ ਰਹਿਣਾ ਚਾਹੀਦਾ ਹੈ। ਜੇ ਹੋ ਸਕੇ ਤਾਂ ਇਨ੍ਹਾਂ ਥਾਵਾਂ 'ਤੇ ਪਨੀਰੀ ਦੀ ਬਿਜਾਈ/ਲਵਾਈ ਨਾ ਕੀਤੀ ਜਾਵੇ। ਫ਼ਸਲਾਂ ਨੂੰ ਖਾਦਾਂ ਦੀ ਸਹੀ ਵਰਤੋਂ ਮਿੱਟੀ ਪਰਖ ਆਧਾਰ ਜਾਂ ਪੱਤਾ ਰੰਗ ਚਾਰਟ ਆਧਾਰ 'ਤੇ ਹੀ ਕਰੋ ਅਤੇ



ਪਾਣੀ ਲੋੜ ਅਨੁਸਾਰ ਹੀ ਲਗਾਓ।

**ਮਕੈਨੀਕਲ ਢੰਗ** : ਜੇਕਰ ਕੀੜੇ ਦਾ ਹਮਲਾ ਫ਼ਸਲ ਨਿੱਸਰਨ ਤੋਂ ਪਹਿਲਾਂ ਹੋਵੇ ਤਾਂ 20-30 ਮੀਟਰ ਲੰਬੀ ਨਾਰੀਅਲ ਜਾਂ ਮੁੰਜ ਦੀ ਰੱਸੀ ਫ਼ਸਲ ਦੇ ਉਪਰਲੇ ਹਿੱਸੇ 'ਤੇ 2 ਵਾਰੀ ਫੇਰੋ। ਪਹਿਲਾਂ ਕਿਆਰੇ ਦੇ ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਅਤੇ ਫਿਰ ਉਨ੍ਹੀਂ ਪੈਰੀਂ ਰੱਸੀ ਫੇਰਦੇ ਹੋਏ ਵਾਪਸ ਮੁੜੋ। ਇਹ ਧਿਆਨ ਵਿੱਚ ਰਹੇ ਕਿ ਰੱਸੀ ਫੇਰਨ ਸਮੇਂ ਖੇਤ ਵਿੱਚ ਪਾਣੀ ਜ਼ਰੂਰ ਖੜ੍ਹਾ ਹੋਵੇ।

**ਪਾਣੀ ਦੀ ਸੁਚੱਜੀ ਵਰਤੋਂ** : ਝੋਨੇ/ਬਾਸਮਤੀ ਫ਼ਸਲ ਨੂੰ ਪਾਣੀ ਦੀ ਬਹੁਤ ਲੋੜ ਹੁੰਦੀ ਹੈ, ਪਰ ਖੇਤ ਵਿੱਚ ਪਾਣੀ ਖੜ੍ਹਾ ਰੱਖਣਾ ਜ਼ਰੂਰੀ ਨਹੀਂ। ਬੂਟਿਆਂ ਦੇ ਟਿੱਡਿਆਂ ਦੇ ਹਮਲੇ ਦੇ ਸਮੇਂ ਖੇਤ ਵਿੱਚੋਂ 3-4 ਦਿਨਾਂ ਲਈ ਪਾਣੀ ਕੱਢ ਦਿਉ, ਇਸ ਨਾਲ ਬੂਟਿਆਂ ਦੇ ਟਿੱਡਿਆਂ ਦਾ ਹਮਲਾ ਘੱਟ ਜਾਂਦਾ ਹੈ। ਪਰ ਇਸ ਗੱਲ ਦਾ ਧਿਆਨ ਰੱਖੋ ਕਿ ਜ਼ਮੀਨ ਵਿੱਚ ਤਰੇੜਾਂ ਨਾ ਪੈਣ।

**ਟਿੱਡਿਆਂ ਲਈ ਕੀਟਨਾਸ਼ਕ** : ਫ਼ਸਲ ਵਿੱਚ ਬੂਟਿਆਂ ਦੇ ਟਿੱਡਿਆਂ ਦੀ ਗਿਣਤੀ ਦਾ ਲਗਾਤਾਰ ਸਰਵੇਖਣ ਕਰਦੇ ਰਹੋ। ਝੋਨੇ/ਬਾਸਮਤੀ ਦੀ ਪਨੀਰੀ ਪੁੱਟ ਕੇ ਲਾਉਣ ਤੋਂ ਇੱਕ ਮਹੀਨੇ ਬਾਅਦ ਖੇਤ ਵਿੱਚ ਕੁਝ ਬੂਟਿਆਂ ਨੂੰ ਹਰ ਹਫਤੇ ਥੋੜ੍ਹਾ ਜਿਹਾ ਟੇਢੇ ਕਰਕੇ ਹੇਠਾਂ ਨੂੰ 2-3 ਵਾਰੀ ਝਾੜੋ। ਜੇਕਰ ਪ੍ਰਤੀ ਬੂਟਾ 5 ਟਿੱਡੇ



(ਈ. ਟੀ. ਐਲ.) ਜਾਂ ਵੱਧ ਟਿੱਡੇ ਪਾਣੀ 'ਤੇ ਤੈਰਦੇ ਦਿਖਾਈ ਦੇਣ ਤਾਂ ਸਿਫਾਰਿਸ਼ ਕੀਟਨਾਸ਼ਕ ਵਰਤੋ। ਚੰਗੇ ਨਤੀਜਿਆਂ ਲਈ ਕੀਟਨਾਸ਼ਕਾਂ ਦਾ ਛਿੜਕਾਅ ਬੂਟਿਆਂ ਦੇ ਮੁੱਢਾਂ ਵੱਲ ਕਰਕੇ ਕਰੋ। ਇਹ ਟਿੱਡੇ ਮਾਰਨ ਲਈ ਹਮਲੇ ਵਾਲੀਆਂ ਧੌੜੀਆਂ/ਥਾਵਾਂ ਦੇ 3-4 ਮੀਟਰ ਆਲੇ-ਦੁਆਲੇ ਵੀ ਛਿੜਕਾਅ ਕਰੋ।

**ਘਾਹ ਦਾ ਟਿੱਡਾ** : ਕੀੜੇ ਦੇ ਬੱਚੇ ਅਤੇ ਬਾਲਗ ਛੋਟੇ ਬੂਟਿਆਂ ਦੇ ਪੱਤਿਆਂ ਨੂੰ ਖਾਂਦੇ ਹਨ। ਜ਼ਿਆਦਾ ਹਮਲੇ ਦੀ ਸੂਰਤ ਵਿੱਚ ਬੂਟੇ ਪੱਤਿਆਂ ਤੋਂ ਰਹਿਤ ਹੋ ਜਾਂਦੇ ਹਨ। ਕੀੜੇ ਦੇ ਹਮਲੇ ਤੋਂ ਬਚਾਅ ਲਈ ਫ਼ਸਲਾਂ ਦਾ ਆਲਾ-ਦੁਆਲਾ ਸਾਫ ਰੱਖੋ ਅਤੇ ਲੋੜ ਪੈਣ 'ਤੇ ਰੋਕਥਾਮ ਲਈ ਬੂਟਿਆਂ ਦੇ ਟਿੱਡਿਆਂ ਲਈ ਸਿਫਾਰਿਸ਼ ਕੀਟਨਾਸ਼ਕਾਂ ਵਰਤੀਆਂ ਜਾ ਸਕਦੀਆਂ ਹਨ।

**ਝੋਨੇ ਦਾ ਹਿਸਪਾ (ਕੰਡਿਆਲੀ-ਭੂੰਡੀ)** : ਭੂੰਡੀ ਦਾ ਜਵਾਨ ਕੀੜਾ ਚਮਕਦਾਰ ਅਤੇ ਨੀਲੇ-ਕਾਲੇ ਰੰਗ ਦਾ ਹੁੰਦਾ ਹੈ। ਇਸ ਦੇ ਸਰੀਰ 'ਤੇ ਛੋਟੇ-ਛੋਟੇ ਕੰਡੇ ਹੋਣ ਕਰਕੇ ਇਸ ਨੂੰ 'ਕੰਡਿਆਲੀ ਭੂੰਡੀ' ਵੀ ਕਹਿੰਦੇ ਹਨ। ਕੀੜੇ ਦਾ ਗਰਬ (ਬੱਚਾ) ਅਤੇ ਜਵਾਨ ਕੀੜਾ ਦੋਵੇਂ ਹੀ ਫ਼ਸਲ ਨੂੰ ਨੁਕਸਾਨ ਕਰਦੇ ਹਨ। ਗਰਬ ਪੱਤਿਆਂ ਵਿੱਚ ਸੁਰੰਗਾਂ ਬਣਾ ਕੇ ਅੰਦਰੋਂ ਹਰਾ ਮਾਦਾ ਖਾਂਦੀਆਂ ਹਨ, ਜਦਕਿ ਜਵਾਨ ਭੂੰਡੀਆਂ ਪੱਤੇ ਦੇ ਬਾਹਰਲੇ ਪਾਸੇ ਤੋਂ ਖੁਰਚ ਦੇ ਹਰਾ ਮਾਦਾ ਖਾਂਦੀਆਂ ਹਨ। ਇਸ ਤਰ੍ਹਾਂ ਪੱਤਿਆਂ 'ਤੇ ਚਿੱਟੇ ਰੰਗ ਦੀਆਂ ਇਕ ਸਾਰ ਧਾਰੀਆਂ ਪੈ ਜਾਂਦੀਆਂ ਹਨ ਅਤੇ ਖੇਤ ਦੂਰੋਂ ਹੀ ਚਿੱਟਾ ਜਿਹਾ ਜਾਪਦਾ ਹੈ।

**ਰੋਕਥਾਮ** : ਪਨੀਰੀ ਵਿੱਚ ਹਮਲਾ ਹੋਣ 'ਤੇ ਖੇਤ ਵਿੱਚੋਂ ਪਨੀਰੀ ਪੁੱਟ ਕੇ ਲਾਉਣ ਤੋਂ ਪਹਿਲਾਂ ਹਮਲੇ ਵਾਲੇ ਬੂਟਿਆਂ ਦੇ ਪੱਤੇ ਕੱਟ ਕੇ ਨਸ਼ਟ ਕਰ ਦਿਉ। ਕੀੜੇ ਦੇ ਹਮਲੇ ਤੋਂ ਬਚਾਅ ਲਈ ਖੇਤ ਵਿੱਚ ਪਾਣੀ ਲੰਬਾ ਸਮਾਂ ਖੜ੍ਹਾ ਨਹੀਂ ਰੱਖਣਾ ਚਾਹੀਦਾ। ਲੋੜ ਅਨੁਸਾਰ ਸਿਫਾਰਿਸ਼ ਕੀਟਨਾਸ਼ਕ ਦੀ ਵਰਤੋ ਕਰੋ।



# ਬਰਸਾਤਾਂ ਦੇ ਦਿਨਾਂ ਵਿਚ ਰੱਖੋ ਪਸ਼ੂਆਂ ਦਾ ਖਾਸ ਧਿਆਨ



**ਪੰਜਾਬ ਵਿਚ ਜੁਲਾਈ-ਅਗਸਤ ਦੇ ਮਹੀਨਿਆਂ ਦੌਰਾਨ ਤਾਪਮਾਨ ਭਾਵੇਂ ਘੱਟ ਹੋ ਜਾਂਦਾ ਹੈ ਪਰ ਹਵਾ ਵਿਚ ਵਾਧੂ ਨਮੀਂ ਹੋਣ ਕਰਕੇ ਇਹ ਗਰਮੀ ਮਈ-ਜੂਨ ਦੇ ਮਹੀਨਿਆਂ ਨਾਲ ਜ਼ਿਆਦਾ ਹਾਨੀਕਾਰਕ ਹੁੰਦੀ ਹੈ। ਇਸ ਲਈ ਬਰਸਾਤਾਂ ਦੇ ਮੌਸਮ ਵਿਚ ਪਸ਼ੂਆਂ ਦਾ ਖਾਸ ਧਿਆਨ ਰੱਖਣ ਦੀ ਲੋੜ ਹੁੰਦੀ ਹੈ। ਬਰਸਾਤਾਂ ਦੇ ਦਿਨਾਂ ਵਿਚ ਵਿਸ਼ਾਣੂ ਰੋਗਾਂ ਅਤੇ ਚਿੱਚੜਾਂ ਦੀ ਮਿਕਦਾਰ ਵਧ ਜਾਂਦੀ ਹੈ ਅਤੇ ਇਸ ਗਰਮੀ ਦੇ ਤਣਾਅ ਦਾ ਮਾੜਾ ਅਸਰ ਪਸ਼ੂਆਂ ਦੇ ਦੁੱਧ ਉਤਪਾਦਨ, ਪ੍ਰਜਣਨ, ਸਰੀਰਕ ਵਾਧਾ ਅਤੇ ਖੁਰਾਕ ਖਾਣ ਦੀ ਸਮੱਰਥਾ ਉੱਤੇ ਹੁੰਦਾ ਹੈ। ਵਿਦੇਸ਼ੀ ਅਤੇ ਦੋਗਲੀਆਂ ਗਾਵਾਂ ਵਿਚ ਇਸਦਾ ਪ੍ਰਭਾਵ ਸਭ ਤੋਂ ਜ਼ਿਆਦਾ ਦੇਖਣ ਨੂੰ ਮਿਲਦਾ ਹੈ। ਇਸ ਲਈ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਖੁਰਾਕੀ ਪ੍ਰਬੰਧਨ ਅਤੇ ਰੱਖ-ਰਖਾਵ ਸੰਬੰਧੀ ਤਬਦੀਲੀਆਂ ਕਰਕੇ ਇਸ ਤਣਾਅ ਨੂੰ ਘਟਾਇਆ ਜਾਵੇ।**

★ ਬਰਸਾਤਾਂ ਦੇ ਮੌਸਮ ਵਿਚ ਮੱਖੀਆਂ ਦੀ ਗਿਣਤੀ ਵਿਚ ਵਾਧਾ ਹੋ ਜਾਂਦਾ ਹੈ। ਇਹ ਮੱਖੀਆਂ ਅਤੇ ਮੱਛਰ ਕਈ ਬਿਮਾਰੀਆਂ ਜਿਵੇਕਿ ਸਰ੍ਹਾ ਆਦਿ ਦੇ ਫੈਲਣ ਦਾ ਕਾਰਨ ਬਣਦੀਆਂ ਹਨ।



★ ਮੱਖੀਆਂ ਦੀ ਰੋਕਥਾਮ ਦੇ ਲਈ ਇਹ ਜ਼ਰੂਰੀ ਹੈ ਕਿ ਵਾੜਿਆਂ ਦੇਨੇੜੇ ਤੇੜੇ ਵਾਧੂ ਪਾਣੀ ਇਕੱਠਾ ਨਾ ਹੋਣ ਦਿਓ ਕਿਉਕਿ ਖੜ੍ਹੇ ਪਾਣੀ ਵਿਚ ਮੱਖੀਆਂ ਆਂਡੇ ਦੇ ਦਿੰਦੀਆਂ ਹਨ ਅਤੇ ਉਹਨਾਂ ਵਿਚੋਂ ਹੋਰ ਬੱਚੇ ਪੈਦਾ ਹੋ ਜਾਂਦੇ ਹਨ।

★ ਬਰਸਾਤਾਂ ਦੇ ਮੌਸਮ ਵਿਚ ਚਿੱਚੜਾਂ ਦੀ ਗਿਣਤੀ ਵਿਚ ਵੀ ਵਾਧਾ ਹੋ ਜਾਂਦਾ ਹੈ। ਚਿੱਚੜੀਆਂ ਪਸ਼ੂਆਂ ਦੇ ਲੇਵੇ ਤੇ ਅਤੇ ਲੱਤਾਂ ਦੇ ਅੰਦਰਲੇ ਪਾਸੇ ਚਿਪਕ ਜਾਂਦੀਆਂ ਹਨ ਅਤੇ ਲਗਾਤਾਰ ਪਸ਼ੂਆਂ ਦਾ ਖ਼ੂਨ ਚੂਸਦੀਆਂ ਰਹਿੰਦੀਆਂ ਹਨ। ਇਹ ਕਈ ਘਾਤਕ ਬਿਮਾਰੀਆਂ ਜਿਵੇਂ ਕਿ ਬਬੇਸ਼ੀਆ ਰੋਗ, ਐਨਾਪਲਾਸਮਾ ਰੋਗ ਅਤੇ ਥਿਲੇਰੀਆ ਰੋਗ ਆਦਿ ਦੇ ਫੈਲਣ ਦਾ ਜ਼ਰੀਆ ਬਣ ਸਕਦੀਆਂ ਹਨ।

★ ਇਹਨਾਂ ਬਿਮਾਰੀਆਂ ਕਰਕੇ ਪਸ਼ੂ ਨੂੰ ਤੇਜ਼ ਬੁਖਾਰ ਹੋ ਜਾਂਦਾ ਹੈ। ਇਸਤੋਂ ਇਲਾਵਾ, ਖ਼ੂਨ ਦੀ ਕਮੀ ਹੋਣਾ, ਲਹੂ ਮੂਤਣਾ ਆਦਿ ਦੀ ਇਹਨਾਂ ਬਿਮਾਰੀਆਂ ਦੀਆਂ ਨਿਸ਼ਾਨੀਆਂ ਹੋ ਸਕਦੀਆਂ ਹਨ। ਜ਼ਿਆਦਾ ਗੰਭੀਰ ਸਥਿਤੀ ਵਿਚ ਪਸ਼ੂ ਦੀ ਮੌਤ ਵੀ ਹੋ ਸਕਦੀ ਹੈ।

★ ਬਬੇਸ਼ੀਆ ਅਤੇ ਐਲਾਪਲਾਸਮਾ ਰੋਗ ਮੁੱਖ ਤੌਰ ਤੇ ਦੋ ਸਾਲ ਦੀ ਉਮਰ ਤੋਂ ਉੱਪਰ ਵਾਲੀਆਂ ਜਵਾਨ ਗਾਵਾਂ ਵਿਚ ਹੁੰਦੇ ਹਨ। ਥਲੇਰੀਆ ਰੋਗ ਕੱਟੀਆਂ / ਵੱਛੀਆਂ ਤੇ ਵੱਧ ਅਸਰ ਕਰਦਾ ਹੈ। ਇਹਨਾਂ ਬਿਮਾਰੀਆਂ ਦੀ ਸਹੀ ਪਛਾਣ ਖ਼ੂਨ ਦੀ ਜਾਂਚ ਤੋਂ ਬਾਅਦ ਹੀ ਸੰਭਵ ਹੁੰਦੀ ਹੈ।

★ ਇਸ ਲਈ ਚਿੱਚੜਾਂ ਦੀ ਰੋਕਥਾਮ ਲਈ ਕੀਟਨਾਸ਼ਕਾਂ ਦੀ ਵਰਤੋਂ ਕਰਦੇ ਵੇਲੇ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਪਸ਼ੂਆਂ ਦੇ ਨਾਲ ਨਾਲ ਉਹਨਾਂ ਦੇ ਢਾਰੇ/ਸ਼ੈੱਡਾਂ ਤੇ ਵੀ ਕੀਟਨਾਸ਼ਕਾਂ ਦਾ ਛਿੜਕਾ ਕੀਤਾ ਜਾਵੇ। ਜੇਕਰ ਸ਼ੈੱਡ ਵਿਚ ਕਿਤੇ ਤਰੇੜ ਦਿਸੇ ਤਾਂ ਉੱਥੇ ਵੀ ਕੀਟਨਾਸ਼ਕਾਂ ਦਾ ਛਿੜਕਾਅ ਕਰੋ ਕਿਉਕਿ ਚਿੱਚੜੀਆਂ ਆਮ ਤੌਰ ਤੇ ਤਰੇੜਾਂ ਵਿਚ ਹੀ ਆਪਣੇ ਆਂਡੇ ਦਿੰਦੀਆਂ ਹਨ ਅਤੇ ਚਿੱਚੜਾਂ ਦੇ ਨਾਲ ਨਾਲ ਉਹਨਾਂ ਦਾ ਖਾਤਮਾ ਵੀ ਬਹੁਤ ਜ਼ਰੂਰੀ ਹੈ।

★ ਇਕ ਤੰਦਰੁਸਤ ਦੁਧਾਰੂ ਪਸ਼ੂ ਦਿਨ ਦਾ ਜ਼ਿਆਦਾ ਸਮਾਂ ਆਰਾਮ ਨਾਲ ਬੈਠ ਕੇ ਜੁਗਾਲੀ ਕਰਨ 'ਚ ਬਤੀਤ ਕਰਦਾ ਹੈ ਪਰ ਬਰਸਾਤ ਦੇ ਦਿਨਾਂ ਵਿਚ ਢਾਰਿਆਂ ਵਿਚ ਮੀਂਹ ਕਾਰਨ ਚਿੱਕੜ ਹੋਣ ਕਰਕੇ ਪਸ਼ੂ ਸੁੱਕੀ ਥਾਂ ਤੇ ਆਰਾਮ ਨਾਲ ਬੈਠ ਨਹੀਂ ਪਾਉਂਦਾ ਅਤੇ ਆਪਣੀਆਂ ਸਰੀਰਕ ਕਿਰਿਆਵਾਂ ਨਹੀਂ ਕਰ ਪਾਉਂਦਾ ਜਿਸ ਨਾਲ ਪਾਚਣ ਕਿਰਿਆ ਅਤੇ ਦੁੱਧ ਦੀ ਫੈਟ ਪ੍ਰਭਾਵਿਤ ਹੁੰਦੀ ਹੈ।

★ ਬਰਸਾਤ ਦੇ ਦਿਨਾਂ ਵਿਚ ਢਾਰੇ ਗਿੱਲੇ ਹੋਣ ਕਰਕੇ ਥਣੈਲਾ ਰੋਗ (ਮੈਸਟਾਇਟਸ) ਹੋਣ ਦੀ ਸੰਭਾਵਨਾ ਵੱਧ ਜਾਂਦੀ ਹੈ। ਪਸ਼ੂਆਂ ਦਾ ਲੰਬਾ ਸਮਾਂ ਗਿੱਲੀ ਥਾਂ ਉੱਤੇ ਖੜ੍ਹਣ ਨਾਲ ਖੁਰਾਂ ਦੀਆਂ ਸਮੱਸਿਆਵਾਂ ਵੀ ਆ ਸਕਦੀਆਂ ਹਨ। ਇਸ ਲਈ ਇਹਨਾਂ ਦਿਨਾਂ ਵਿਚ ਜਿੰਨਾ ਹੋ ਸਕੇ ਪਸ਼ੂਆਂ ਲਈ ਸੁੱਕੀ ਅਤੇ ਆਰਾਮਦਾਇਕ ਥਾਂ ਦਾ ਪ੍ਰਬੰਧ ਕਰਵਾਓ।

★ ਇਹਨਾਂ ਦਿਨਾਂ ਵਿਚ ਪਸ਼ੂ ਦੇ ਮਿਹਦੇ ਦੀ ਤੇਜ਼ਾਬੀਪਨ ਦੀ ਸਮੱਸਿਆ ਵੱਧ ਜਾਂਦੀ ਹੈ, ਇਸ ਕਰਕੇ ਪਸ਼ੂਆਂ ਦੀ ਖੁਰਾਕ ਦੇ ਨਾਲ ਨਾਲ ਖੁੱਲਾ ਪਾਣੀ ਦੇਣਾ ਲਾਜ਼ਮੀ ਬਣਾਓ। ਪਸ਼ੂਆਂ ਦੀ ਖੁਰਾਕ ਵਿਚ ਬਫਰ ਦੀ ਵਰਤੋਂ ਕਰਨੀ ਫਾਇਦੇਵੰਦ ਰਹਿੰਦੀ ਹੈ ਜੋ ਤੇਜ਼ਾਬੀਪਨ ਦੀ ਸਮੱਸਿਆ ਨੂੰ ਰੋਕਦਾ ਹੈ।

★ ਬਰਸਾਤੀ ਦਿਨਾਂ ਵਿਚ ਪਾਣੀ ਕਰਕੇ ਤੂੜੀ ਜਾਂ ਅਚਾਰ ਗਲ ਜਾਂਦੇ ਹਨ। ਗਲੀ ਸੜੀ ਤੂੜੀ ਜਾਂ ਉੱਲੀ ਵਾਲੇ ਅਚਾਰ ਦੀ ਵਰਤੋਂ ਦੁੱਧ ਦੇਣ ਵਾਲੇ ਪਸ਼ੂਆਂ ਲਈ ਨਾ ਕੀਤੀ ਜਾਵੇ ਕਿਉਕਿ ਇਹ ਪਸ਼ੂਆਂ ਲਈ ਹਾਨੀਕਾਰਕ ਹੋ ਸਕਦੇ ਹਨ।

★ ਇਸਦੇ ਨਾਲ ਨਾਲ ਵੰਡ, ਹਰਾ ਚਾਰਾ ਅਤੇ ਤੂੜੀ ਰਲਾ ਕੇ ਪਾਉਣਾ ਲਾਭਕਾਰੀ ਰਹਿੰਦਾ ਹੈ। ਪਸ਼ੂ ਚਾਰੇ ਵਿਚ ਧਾਂਤਾਂ ਦੇ ਚੂਰੇ ਦੀ ਵਰਤੋਂ ਯਕੀਨੀ ਬਨਾਓ ਜੋ ਕਿ ਬਿਮਾਰੀਆਂ ਨਾਲ ਲੜਨ ਵਿਚ ਸਹਾਈ ਹੁੰਦਾ ਹੈ।

★ ਆਮ ਦੇਖਿਆ ਗਿਆ ਹੈ ਕਿ ਇਸ ਮੌਸਮ 'ਚ ਲਵੇਰੀਆਂ ਦੀ ਖੁਰਾਕ ਖਾਣ ਦੀ ਸਮਰੱਥਾ ਘਟ ਜਾਂਦੀ ਹੈ ਜਿਸਦੇ ਨਤੀਜੇ ਵਜੋਂ ਉਹਨਾਂ ਦੇ ਗੱਭਣ ਹੋਣ ਦੀ ਦਰ ਘਟ ਜਾਂਦੀ ਹੈ ਜਾਂ ਪਸ਼ੂ ਹੇਹੇ ਤੇ ਪੂਰੇ ਲੱਛਣ ਨਹੀਂ ਦਿਖਾਉਂਦਾ, ਖਾਸ ਕਰਕੇ ਮੱਝਾਂ ਵਿਚ ਗੂੰਗਾ ਹੇਹਾ ਆਮ ਦੇਖਿਆ ਗਿਆ ਹੈ।

★ ਸਵੇਰੇ ਸ਼ਾਮ ਪਸ਼ੂਆਂ ਨੂੰ ਗਹੁ ਨਾਲ ਵੇਖੋ। ਪਸ਼ੂ ਦੇ ਬੈਠਣ ਵਾਲੀ ਥਾਂ ਤੇ ਜਾਂ ਸਰੀਰ ਤੇ ਲੱਗੀਆਂ ਤਾਰਾਂ ਵੇਖੋ, ਹੇਹੇ ਦੀਆਂ ਨਿਸ਼ਾਨੀਆਂ ਜਿਵੇਂ ਕਿ ਪਸ਼ੂ ਦਾ ਬੇਚੈਨ ਹੋਣਾ, ਪੱਠੇ ਘੱਟ ਖਾਣਾ, ਦੂਜੇ ਪਸ਼ੂਆਂ ਤੇ ਚੜ੍ਹਨਾ, ਲਵੇਰੀਆਂ ਦੀ ਸੂਅ ਦਾ ਸੁੱਜ ਜਾਣਾ ਤਾਂ ਗੁਲਾਬੀ ਰੰਗ ਦਾ ਹੋ ਜਾਣਾ, ਵਾਰ ਵਾਰ ਪਿਸ਼ਾਬ ਕਰਨਾ ਆਦਿ ਹੋ ਸਕਦੀਆਂ ਹਨ। ਟੀਕਾ ਭਰਾਉਣ ਤੋਂ 18-22 ਦਿਨਾਂ ਬਾਅਦ ਫੇਰ ਤੋਂ ਹੇਹੇ ਦੇ ਲੱਛਣਾਂ ਲਈ ਵੇਖੋ ਅਤੇ ਹੇਹੇ ਦੀਆਂ ਨਿਸ਼ਾਨੀਆਂ ਨਾ ਹੋਣ ਦੀ ਸੂਰਤ ਵਿਚ 2.5-3 ਮਹੀਨਿਆਂ ਬਾਅਦ ਮਾਹਿਰ ਡਾਕਟਰ ਤੋਂ ਜਾਂਚ ਕਰਵਾਓ। ਬਰਸਾਤਾਂ ਦੇ ਦਿਨਾਂ ਵਿਚ ਗੱਲ-ਘੋਟੂ ਅਤੇ ਲੰਗੜੇ ਬੁਖਾਰ ਦੀਆਂ ਬਿਮਾਰੀਆਂ ਵੱਧ ਜਾਦੀਆਂ ਨੇ ਅਤੇ ਇਹਨਾਂ ਦੀ ਰੋਕਥਾਮ ਲਈ ਬਰਸਾਤਾਂ ਸ਼ੁਰੂ ਹੋਣ ਤੋਂ ਪਹਿਲਾਂ ਇਹਨਾਂ ਬਿਮਾਰੀਆਂ ਵਿਰੁੱਧ ਟੀਕਾਕਰਨ ਕਰਵਾਓ ਅਤੇ ਬਰਸਾਤਾਂ ਖਤਮ ਹੋਣ ਤੇ ਸਾਰੇ ਪਸ਼ੂਆਂ ਨੂੰ ਪੇਟ ਦੇ ਕੀੜਿਆਂ ਵਿਰੁੱਧ ਕਿਰਮ ਰਹਿਤ ਕਰਨਾ ਯਕੀਨੀ ਬਣਾਉਣਾ ਚਾਹੀਦਾ ਹੈ।

---



# ਰੁੱਖ ਕਿੱਥੋਂ ਲਈਏ?



ਜਨਮੇਜਾ ਸਿੰਘ ਜੌਹਲ
ਮੋ.98159-45018

ਰੁੱਖ ਮੂਲ ਰੂਪ ਵਿਚ ਦੋ ਤਰ੍ਹਾਂ ਦੇ ਹੁੰਦੇ ਹਨ। ਇਕ ਵਪਾਰਕ ਜਿਨ੍ਹਾਂ ਤੋਂ ਅਸੀਂ ਵੇਚਣ ਲਈ ਫਲ ਆਦਿ ਲੈਣੇ ਹੁੰਦੇ ਹਨ, ਇਹ ਦੇਖਣ ਨੂੰ ਸੋਹਣੇ ਹੁੰਦੇ ਹਨ। ਇਹ ਆਮ ਤੌਰ 'ਤੇ ਪਿਉਂਦ ਨਾਲ ਤਿਆਰ ਕੀਤੇ ਜਾਂਦੇ ਹਨ। ਦੂਸਰੇ ਦੇਸੀ ਹੁੰਦੇ ਹਨ। ਇਹ ਗਿੱਟਕ ਤੋਂ ਤਿਆਰ ਹੁੰਦੇ ਹਨ। ਇਨ੍ਹਾਂ ਦਾ ਫਲ ਸੋਹਣਾ ਨਹੀਂ ਹੁੰਦਾ ਪਰ ਬਹੁਤ ਗੁਣਕਾਰੀ ਹੁੰਦਾ ਹੈ। ਇਨ੍ਹਾਂ ਦੇ ਪੱਤੇ ਵੀ ਵੱਧ ਫੁੱਟਦੇ ਹਨ। ਇਸ ਲਈ ਇਹ ਵਾਤਾਵਰਨ ਸੁਧਾਰਨ ਵਿਚ ਵੱਧ ਯੋਗਦਾਨ ਪਾਉਂਦੇ ਹਨ। ਇਹ ਮਰਦੇ ਵੀ ਘੱਟ ਹਨ। ਸਾਨੂੰ ਇਨ੍ਹਾਂ ਰੁੱਖਾਂ ਦੀ ਵੱਧ ਲੋੜ ਹੈ। ਜੇ ਚਾਹੋ ਤਾਂ ਤੁਸੀ ਬਹੁਤ ਰੁੱਖ ਮੁਫਤ ਵਿਚ ਪੈਦਾ ਕਰ ਸਕਦੇ ਹੋ। ਕੋਈ ਵੀ ਬੋਤਲ ਆਦਿ ਥੱਲਿਓਂ ਪੰਜ ਕੁ ਇੰਚ ਕੱਟ ਲਵੋ, ਵਿਚ ਮਿੱਟੀ ਭਰ ਲਵੋ। ਫੇਰ ਕੋਈ ਗਿਟਕ, ਕਿਸੇ ਵੀ ਫਲ ਦੀ ਲੈ ਕੇ ਇੰਚ ਕੁ ਡੂੰਘੀ ਗੱਡ ਦਿਓ। ਇਸ ਨੂੰ ਆਪਣੇ ਕਮਰੇ ਦੀ ਤਾਕੀ ਵਿਚ ਰੱਖ ਕੇ ਹਲਕਾ ਜਿਹਾ ਸਲ੍ਹਾਬਾ ਰੱਖੋ। ਥੋੜ੍ਹੇ ਦਿਨ੍ਹਾਂ 'ਚ ਇਹ ਉੱਗ ਆਵੇਗਾ। ਵੱਡਾ ਹੋਣ 'ਤੇ ਕਿਸੇ ਵੀ ਥਾਂ ਲਗਾ ਦਿਓ। ਜੇ ਜ਼ਿਆਦਾ ਤਿਆਰ ਕਰ ਲਵੋਂਗੇ ਤਾਂ ਦੱਸ ਦੇਣਾ। ਕੋਈ ਵਾਤਾਵਰਨ ਪ੍ਰੇਮੀ ਤੁਹਾਡੇ ਤੋਂ ਲੈ ਜਾਵੇਗਾ। ਕਾਲਜਾਂ ਦੇ ਹੋਸਟਲਾਂ ਵਿਚ ਰਹਿੰਦੇ ਵਿਦਿਆਰਥੀ ਇਹ ਕੰਮ ਕਰ ਸਕਦੇ ਹਨ। ਦੇਖਣਾ ਹੌਲੀ-ਹੌਲੀ ਉੱਗਦਾ ਤੇ ਵਧਦਾ ਪੌਦਾ ਤੁਹਾਨੂੰ ਆਪਣਾ ਬੱਚਾ ਹੀ ਲੱਗੇਗਾ। ਇਹ ਸਿਰਫ ਵਾਤਾਵਰਨ ਹੀ ਨਹੀਂ ਸੁਧਾਰੇਗਾ, ਇਹ ਤੁਹਾਡੇ ਅੰਦਰ ਮੋਹ ਦੀ ਚਿਣਗ ਵੀ ਪੈਦਾ ਕਰੇਗਾ।

# ਕਿਸਾਨ ਦੀ ਪਹੁੰਚ ਤੋਂ ਕਿਉਂ ਦੂਰ ਹੁੰਦੀ ਜਾ ਰਹੀ ਹੈ ਜ਼ਮੀਨ



ਡਾ. ਸ. ਸ. ਛੀਨਾ

ਹਰ ਕਾਰੋਬਾਰੀ ਦਾ ਉਦੇਸ਼ ਅਤੇ ਖੁਸ਼ੀ ਆਪਣੇ ਕਾਰੋਬਾਰ ਨੂੰ ਵਧਾਉਣ ਵਿੱਚ ਹੈ। ਇੱਕ ਕਿਸਾਨ ਦੀ ਖੁਸ਼ੀ ਵੀ ਜ਼ਮੀਨ ਦਾ ਆਕਾਰ ਵਧਾਉਣ ਵਿੱਚ ਹੈ, ਪਰ ਆਜ਼ਾਦੀ ਤੋਂ ਬਾਅਦ ਜ਼ਮੀਨ ਵਾਹੀਕਾਰ ਦੀ ਪਹੁੰਚ ਤੋਂ ਦੂਰ ਹੁੰਦੀ ਗਈ ਹੈ। ਅੱਜ ਜਦੋਂ ਜ਼ਮੀਨਾਂ ਦੀਆਂ ਕੀਮਤਾਂ 20 ਲੱਖ ਰੁਪਏ ਪ੍ਰਤੀ ਏਕੜ ਤੋਂ ਕਿਤੇ ਉੱਪਰ ਹੋ ਚੁੱਕੀਆਂ ਹਨ, ਤਾਂ ਉਹ ਕਿਸਾਨ ਦੀ ਪਹੁੰਚ ਤੋਂ ਹੋਰ ਵੀ ਪਰ੍ਹੇ ਹੋ ਗਈਆਂ ਹਨ। ਭਾਰਤ ਵਿੱਚ ਆਜ਼ਾਦੀ ਤੋਂ ਬਾਅਦ ਅਪਨਾਏ ਗਏ ਭੂਮੀ ਸੁਧਾਰਾਂ ਵਿੱਚੋਂ ਪਹਿਲਾ ਜ਼ਿਮੀਂਦਾਰੀ ਪ੍ਰਣਾਲੀ ਦਾ ਖਾਤਮਾ ਜਿਸ ਦੇ ਅਧੀਨ ਦੇਸ਼ ਦੀ 38 ਫੀਸਦੀ ਭੂਮੀ ਸੀ ਅਤੇ 1-1 ਜ਼ਿਮੀਂਦਾਰ ਕੋਲ ਹਜ਼ਾਰਾਂ ਏਕੜ ਜ਼ਮੀਨ ਸੀ, ਦੂਸਰਾ ਹਰ ਪ੍ਰਾਂਤ ਵਿੱਚ ਜ਼ਮੀਨ ਦੀ ਉਪਰਲੀ ਹੱਦ ਮਿੱਥਣੀ, ਜੋ ਪੰਜਾਬ ਵਿੱਚ 30 ਏਕੜ ਮਿੱਥੀ ਗਈ, ਪਰ ਕੁਝ ਛੋਟਾਂ ਦਿੱਤੀਆਂ ਗਈਆਂ, ਜਿਨ੍ਹਾਂ ਵਿੱਚ ਸਹਿਕਾਰੀ ਸਭਾਵਾਂ, ਸੰਸਥਾਵਾਂ, ਉਦਯੋਗਿਕ ਇਕਾਈਆਂ ਆਉਂਦੀਆਂ ਹਨ। ਜ਼ਮੀਨ ਦੀ ਉਪਰਲੀ ਹੱਦ ਮਿੱਥਣੀ ਬੜੀ ਜਾਇਜ਼ ਸੀ, ਕਿਉਂਕਿ ਜਿਹੜੇ ਜ਼ਿਮੀਂਦਾਰਾਂ ਕੋਲ ਸੈਂਕੜੇ ਅਤੇ ਹਜ਼ਾਰਾਂ ਏਕੜ ਜ਼ਮੀਨ ਸੀ, ਉਸ ਵਿੱਚੋਂ ਬਹੁਤੀ ਜ਼ਮੀਨ ਵਿਹਲੀ ਪਈ ਰਹਿੰਦੀ ਸੀ। ਭਾਰਤ ਖੇਤੀ ਪ੍ਰਧਾਨ ਦੇਸ਼ ਹੋਣ ਦੇ ਬਾਵਜੂਦ ਵੀ ਖੁਰਾਕ ਦੇ ਮਾਮਲੇ ਵਿੱਚ ਆਤਮ ਨਿਰਭਰ ਨਹੀਂ ਸੀ ਅਤੇ ਵਿਦੇਸ਼ਾਂ ਤੋਂ ਅਨਾਜ ਮੰਗਵਾਉਂਦਾ ਸੀ।

ਪਰ ਜ਼ਿਮੀਂਦਾਰੀ ਪ੍ਰਣਾਲੀ ਖਤਮ ਕਰਨ ਦਾ ਜ਼ਿਆਦਾ ਲਾਭ ਨਾ ਹੋਇਆ। ਬਹੁਤ ਸਾਰੀਆਂ ਸੰਸਥਾਵਾਂ, ਜਿਨ੍ਹਾਂ ਵਿੱਚ ਧਾਰਮਿਕ ਸੰਸਥਾਵਾਂ ਵੀ ਆਉਂਦੀਆਂ ਹਨ, ਨੇ ਹਜ਼ਾਰਾਂ, ਲੱਖਾਂ ਏਕੜ ਜ਼ਮੀਨ ’ਤੇ ਸਾਰੇ ਭਾਰਤ ਵਿੱਚ ਕਬਜ਼ਾ ਕਰ ਲਿਆ, ਜਿਸ ਵਿੱਚੋਂ ਜ਼ਿਆਦਾ ਜ਼ਮੀਨ ਵਿਹਲੀ ਹੀ ਰਹਿੰਦੀ ਹੈ। ਭਾਰਤ ਜ਼ਮੀਨ ਦੀ ਘਾਟ ਵਾਲਾ ਦੇਸ਼ ਹੈ। ਦੇਸ਼ ਦੀ ਕੁੱਲ ਜ਼ਮੀਨ ਦੁਨੀਆਂ ਦੀ ਜ਼ਮੀਨ ਦਾ ਸਿਰਫ 2.4 ਫੀਸਦੀ ਹੈ, ਜਦੋਂਕਿ ਵਸੋਂ 17.6 ਫੀਸਦੀ ਹੈ। ਇਸ ਲਈ ਜ਼ਮੀਨ ਦੀ ਥੁੜ ਹੈ, ਪਰ ਇਸ ਥੁੜ ਨੂੰ ਕਿਸਾਨਾਂ ਲਈ ਹੋਰ ਵਧਾ ਦਿੱਤਾ ਗਿਆ, ਕਿਉਂਕਿ ਸੰਸਥਾਵਾਂ ਵੱਲੋਂ ਲਈਆਂ ਜ਼ਮੀਨਾਂ ਅਤੇ ਉਦਯੋਗਿਕ ਇਕਾਈਆਂ ਵੱਲੋਂ ਲਈਆਂ ਜ਼ਮੀਨਾਂ ਲੋੜ ਤੋਂ ਕਿਤੇ ਵੱਧ ਜ਼ਮੀਨ ਅਤੇ ਆਮਦਨ ਨਾ ਬਰਾਬਰੀ ਕਰਕੇ, ਕਈ ਲੋਕਾਂ ਕੋਲ ਏਕੜਾਂ ਵਿੱਚ ਸ਼ਹਿਰ ਦੇ ਬਾਹਰ ਘਰ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾ ਜ਼ਮੀਨ ਦਾ ਰਕਬਾ ਵਿਹਲਾ ਪਿਆ ਰਹਿੰਦਾ ਹੈ।

ਜਦੋਂ ਜ਼ਮੀਨ ਦੀ ਉਪਰਲੀ ਹੱਦ ਲਾਈ ਗਈ ਸੀ, ਤਾਂ ਉਸ ਵੇਲੇ ਬਹੁਤ ਸਾਰੇ ਲੋਕਾਂ ਵੱਲੋਂ ਇਹ ਸੁਝਾਅ ਵੀ ਦਿੱਤਾ ਗਿਆ ਸੀ ਕਿ ਸ਼ਹਿਰੀ ਜ਼ਮੀਨ ’ਤੇ ਵੀ ਉਪਰਲੀ ਸੀਮਾ ਲਾਈ ਜਾਣੀ ਚਾਹੀਦੀ ਹੈ, ਪਰ ਇਸ ਵਿਚਾਰ ਨੂੰ ਇਸ ਸੋਚ ਨਾਲ ਨਕਾਰ ਦਿੱਤਾ ਗਿਆ ਸੀ ਕਿ ਇਸ ਨਾਲ ਉਦਯੋਗ ਨਿਰਉਤਸ਼ਾਹਿਤ ਹੋਣਗੇ, ਪਰ ਇਸ ਦੀ ਗਲਤ ਵਰਤੋਂ ਹੋਈ। ਹੁਣ ਹਰ ਕੋਈ ਜ਼ਮੀਨ ਖਰੀਦ ਸਕਦਾ ਹੈ।

ਆਜ਼ਾਦੀ ਤੋਂ ਪਹਿਲਾਂ ਇਹ ਵਿਵਸਥਾ ਵੀ ਕੀਤੀ ਗਈ ਸੀ ਕਿ ਸਿਰਫ ਉਹ ਕਿਸਾਨ ਹੀ ਜ਼ਮੀਨ ਦੀ ਖਰੀਦ ਕਰਨ, ਜਿਨ੍ਹਾਂ ਨੇ ਆਪ ਵਾਹੀ ਕਰਨੀ ਹੈ, ਪਰ ਜ਼ਮੀਨ ਨੂੰ ਆਮਦਨ ਟੈਕਸ ਵਿੱਚ ਛੋਟ ਦੇਣ ਦੀ ਵਿਵਸਥਾ ਕਰਕੇ ਜ਼ਮੀਨ ਨੂੰ ਡਾਕਟਰਾਂ, ਠੇਕੇਦਾਰਾਂ, ਉਦਯੋਗਪਤੀਆਂ ਅਤੇ ਵਪਾਰੀਆਂ ਆਦਿ ਨੇ ਖਰੀਦਣਾ ਸ਼ੁਰੂ ਕਰ ਦਿੱਤਾ, ਜੋ ਉੱਚੀਆਂ ਕੀਮਤਾਂ ’ਤੇ ਵੀ ਜ਼ਮੀਨ ਖਰੀਦ ਲੈਂਦੇ ਹਨ ਅਤੇ ਇਸ ਕਾਰਨ ਜ਼ਮੀਨ ਦੀ ਕੀਮਤ ਦਿਨੋ-ਦਿਨ ਵਧਦੀ ਗਈ ਅਤੇ ਇਸ ਦੇ ਨਾਲ ਹੀ ਜ਼ਮੀਨ ਦੀ ਪੂਰਤੀ ਦਿਨੋ-ਦਿਨ ਘਟਦੀ ਗਈ, ਜਿਸ ਕਰਕੇ ਕਿਸਾਨ ਜ਼ਮੀਨ ਦਾ ਆਕਾਰ ਵਧਾਉਣ ਤੋਂ ਅਸਮਰੱਥ ਹੋ ਗਏ।

ਪੰਜਾਬ ਨੂੰ ਭਾਰਤ ਦੀ ‘ਫਾਰਮ ਸਟੇਟ’ ਕਿਹਾ ਜਾਂਦਾ ਹੈ, ਕਿਉਂ ਜੋ ਪੰਜਾਬ ਦੀ 100 ਫੀਸਦੀ ਧਰਤੀ ’ਤੇ ਖੇਤੀ ਕੀਤੀ ਜਾਂਦੀ ਹੈ, ਜਦਕਿ ਭਾਰਤ ਦੇ ਪੱਧਰ ’ਤੇ ਸਿਰਫ 46 ਫੀਸਦੀ ਭੂਮੀ ’ਤੇ ਹੀ ਖੇਤੀ ਹੋ ਸਕਦੀ ਹੈ। ਪੰਜਾਬ ਵਿੱਚ ਰੁੱਤਾਂ ਅਨੁਸਾਰ ਹਰ ਪ੍ਰਕਾਰ ਦੀ ਫ਼ਸਲ ਲਈ ਜਾ ਸਕਦੀ ਹੈ। ਇਹੋ ਵਜ੍ਹਾ ਹੈ ਕਿ ਪੰਜਾਬ ਦੀ ਧਰਤੀ ਦਾ ਆਕਾਰ ਭਾਰਤ ਦੀ ਧਰਤੀ ਦੇ ਆਕਾਰ ਦਾ ਸਿਰਫ 1.5 ਫੀਸਦੀ ਹੋਣ ਦੇ ਬਾਵਜੂਦ ਵੀ ਇਹ ਦੇਸ਼ ਦੇ ਅੰਨ ਭੰਡਾਰਾਂ ਵਿੱਚ 60 ਫੀਸਦੀ ਤੱਕ ਦਾ ਵੀ ਹਿੱਸਾ ਪਾਉਂਦਾ ਰਿਹਾ ਹੈ।

ਪਰ ਪੰਜਾਬ ਦੀ ਉਪਜਾਊ ਧਰਤੀ ਨੂੰ ਖੇਤੀ ਤੋਂ ਬਦਲ ਕੇ ਹੋਰ ਅਣਉਪਜਾਊ ਕੰਮਾਂ ਲਈ ਵਰਤਿਆ ਜਾ ਰਿਹਾ ਹੈ। ਭਾਵ ਖੇਤੀ ਦੀ ਥਾਂ ਗੈਰ-ਖੇਤੀ ਪੇਸ਼ਿਆਂ ਨਾਲ ਸੰਬੰਧਿਤ ਕੰਮਾਂ ਲਈ ਵਰਤਿਆ ਜਾ ਰਿਹਾ ਹੈ। ਕੇਰਲਾ ਤੋਂ ਬਾਅਦ ਪੰਜਾਬ ਹੀ ਉਹ ਪ੍ਰਾਂਤ ਹੈ, ਜਿਸ ਦੇ ਸਭ ਤੋਂ ਵੱਧ ਲੋਕ ਪ੍ਰਦੇਸ਼ਾਂ ਵਿੱਚ ਜਾ ਕੇ ਉੱਚੀਆਂ ਕਮਾਈਆਂ ਕਰ ਰਹੇ ਹਨ ਅਤੇ ਉਹ ਆਪਦੀਆਂ ਬੱਚਤਾਂ ਪੰਜਾਬ ਵਿੱਚ ਭੇਜ ਰਹੇ ਹਨ, ਜਿਨ੍ਹਾਂ ਵਿੱਚੋਂ ਪਿਛਲੇ ਸਮਿਆਂ ਵਿੱਚ ਜ਼ਿਆਦਾ ਪੈਸੇ ਜ਼ਮੀਨ ਖਰੀਦਣ ਲਈ ਵਰਤੇ ਗਏ ਸਨ। ਹੁਣ ਵੀ ਕਈ ਪ੍ਰਵਾਸੀ ਭਾਰਤੀ ਭਾਰਤ ਵਿੱਚ ਜ਼ਮੀਨ ਅਤੇ ਪਲਾਟ ਖਰੀਦਣ ਵਿੱਚ ਇਸ ਗੱਲ ਨਾਲੋਂ ਜ਼ਿਆਦਾ ਕਮਾਈ ਸਮਝਦੇ ਹਨ, ਜਿੰਨੀ ਉਹ ਉਨ੍ਹਾਂ ਦੇਸ਼ਾਂ ਵਿੱਚ ਦਿਨ ਵਿੱਚ 12-12 ਘੰਟੇ ਕਰਕੇ ਕਰਦੇ ਹਨ।

ਅੱਜਕੱਲ੍ਹ ਸਰਕਾਰ ਨੇ ‘ਲੈਂਡ-ਪੂਲਿੰਗ’ ਨੀਤੀ ਦਾ ਐਲਾਨ ਕੀਤਾ ਹੈ। ਉਹ ਲੋਕ ਜਿਨ੍ਹਾਂ ਕੋਲ ਘਰ ਨਹੀਂ, ਉਹ ਜ਼ਿਆਦਾ ਪਿੰਡਾਂ ਵਿੱਚ ਰਹਿੰਦੇ ਹਨ। ਇਹ ਕਿਸ ਤਰ੍ਹਾਂ ਸੰਭਵ ਹੋਵੇਗਾ ਕਿ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਵਿੱਚ ਭੱਠੇ ’ਤੇ ਕੰਮ ਕਰਨ ਵਾਲਾ ਮੁਹਾਲੀ ਜਾਂ ਲੁਧਿਆਣੇ ਜਾ ਕੇ ਪੁੱਡਾ ਦਾ ਪਲਾਟ ਖਰੀਦ ਲਵੇ, ਜਿਹੜਾ ਪਿਛਲੇ ਕਈ ਦਹਾਕੇ ਆਪਣੇ ਪਿੰਡ ਵਿੱਚ ਨਹੀਂ ਖਰੀਦ ਸਕਿਆ। ਪੰਜਾਬ ਦੇ ਕਿਸੇ ਸ਼ਹਿਰ ਜਾਂ ਟਾਊਨ ਵਿੱਚ ਚੱਲੇ ਜਾਓ, ਹਰ ਸ਼ਹਿਰ ਵਿੱਚੋਂ 10-12 ਕਿਲੋਮੀਟਰ ਬਾਹਰ ਤੱਕ ਗੈਰ-ਆਬਾਦ ਕਾਲੋਨੀਆਂ ਕੱਟੀਆਂ ਹੋਈਆਂ ਹਨ, ਜਿਨ੍ਹਾਂ ਵਿੱਚ ਸੜਕਾਂ ਅਤੇ ਬਿਜਲੀ ਦੇ ਲੱਗੇ ਖੰਭੇ ਨਜ਼ਰ ਆਉਂਦੇ ਹਨ। ਇਕੱਲੇ ਪੰਜਾਬ ਵਿੱਚ ਹੀ ਇਸ ਤਰ੍ਹਾਂ ਦੀ ਲੱਖਾਂ ਏਕੜ ਜ਼ਮੀਨ ਪਿਛਲੇ ਇੱਕ ਦਹਾਕੇ ਤੋਂ ਹਰ ਸ਼ਹਿਰ ਦੇ ਬਾਹਰ ਪਈ ਹੋਈ ਹੈ, ਜਿਹੜੀ ਨਾ ਕੋਈ ਉਪਜ ਦੇ ਰਹੀ ਹੈ, ਨਾ ਕੋਈ ਰੁਜ਼ਗਾਰ।

ਰੀਅਲ ਅਸਟੇਟ ਜਾਂ ਪਲਾਟਾਂ ਦੇ ਵਪਾਰ ਵਿੱਚ ਜਿੱਥੇ ਆਮਦਨ ਵਿੱਚ ਛੇਤੀ ਵਾਧਾ ਹੁੰਦਾ ਹੈ, ਉੱਥੇ ਇੱਕ ਦਿਲਚਸਪ ਤੱਤ ਨਜ਼ਰ ਆਇਆ ਹੈ ਕਿ ਜਿਨ੍ਹਾਂ ਲੋਕਾਂ ਨੂੰ ਘਰਾਂ ਦੀ ਲੋੜ ਹੈ, ਉਨ੍ਹਾਂ ਕੋਲੋਂ ਤਾਂ ਉਹ ਪਲਾਟ ਖਰੀਦੇ ਨਹੀਂ ਜਾਂਦੇ, ਪਰ ਜਿਨ੍ਹਾਂ ਕੋਲ ਪਹਿਲਾਂ ਹੀ ਚੰਗੇ ਘਰ ਹਨ, ਉਹ ਇੱਕ ਸ਼ਹਿਰ ਵਿੱਚ ਹੀ ਕਈ-ਕਈ ਪਲਾਟ ਵਪਾਰ ਲਈ ਖਰੀਦ ਲੈਂਦੇ ਹਨ। ਫਿਰ ਕਈ ਉਹ ਵੀ ਹਨ, ਜਿਨ੍ਹਾਂ ਨੇ ਇੱਕ ਸ਼ਹਿਰ ਵਿੱਚ ਨਹੀਂ, ਸਗੋਂ ਕਈ ਸ਼ਹਿਰਾਂ ਵਿੱਚ ਪਲਾਟ ਖਰੀਦੇ ਹੁੰਦੇ ਹਨ। ਇਸ ਪ੍ਰਕਾਰ ਜ਼ਮੀਨ ਦੀ ਪੂਰਤੀ ਜਾਂ ਉਪਲੱਬਧਤਾ ਹੋਰ ਘੱਟ ਹੋ ਗਈ, ਜਿਹੜੀ ਜ਼ਮੀਨ ਨੂੰ ਕਿਸਾਨ ਦੀ ਪਹੁੰਚ ਤੋਂ ਦੂਰ ਕਰ ਰਹੀ ਹੈ।

ਭਾਰਤ ਅਜੇ ਵੀ ਬਹੁਤ ਸਾਰੀਆਂ ਖੇਤੀ ਵਸਤੂਆਂ ਦਾ ਆਯਾਤ ਕਰ ਰਿਹਾ ਹੈ। ਭਾਵੇਂ ਪਿਛਲੇ ਸਾਲਾਂ ਵਿੱਚ ਇਸ ਵਿੱਚ ਕਮੀ



ਆਈ ਹੈ, ਪਰ ਅਜੇ ਵੀ ਭਾਰਤ ਹਰ ਸਾਲ 1.5 ਲੱਖ ਕਰੋੜ ਰੁਪਏ ਦੀਆਂ ਦਾਲਾਂ ਅਤੇ ਇੰਨੇ ਹੀ ਮੁੱਲ ਦੇ ਤੇਲਾਂ ਦੇ ਬੀਜ ਵਿਦੇਸ਼ਾਂ ਤੋਂ ਦਰਾਮਦ ਕਰ ਰਿਹਾ ਹੈ। ਜੇ ਭਾਰਤ ਵਿੱਚ ਇਨ੍ਹਾਂ ਵਿਹਲੀਆਂ ਪਈਆਂ ਕਾਲੋਨੀਆਂ ਦੀ ਜ਼ਮੀਨ ਦਾਲਾਂ ਤੇ ਤੇਲਾਂ ਦੇ ਬੀਜਾਂ ਅਧੀਨ ਲਿਆਂਦੀ ਜਾਵੇ ਤਾਂ ਭਾਰਤ ਆਸਾਨੀ ਨਾਲ ਇਨ੍ਹਾਂ ਦੋਵਾਂ ਵਸਤੂਆਂ ਦੀ ਮੰਗ ਆਪਣੇ ਹੀ ਦੇਸ਼ ਵਿੱਚ ਹੀ ਪੂਰੀ ਕਰ ਸਕਦਾ ਹੈ।

ਪੰਜਾਬ ਵਿੱਚ ਖੇਤੀ ਸੰਬੰਧੀ ਇੱਕ ਹੋਰ ਦਿਲਚਸਪ ਤੱਥ ਨਜ਼ਰ ਆਇਆ ਹੈ। 1971 ਵਿੱਚ ਪੰਜਾਬ ਵਿੱਚ 37 ਫੀਸਦੀ ਖੇਤੀ ਜੋਤਾਂ ਢਾਈ ਏਕੜ ਤੋਂ ਥੱਲੇ ਸਨ, ਭਾਰਤ ਵਿੱਚ ਵੀ ਇੰਨੀਆਂ ਹੀ ਸਨ, ਪਰ ਹੁਣ ਭਾਰਤ ਵਿੱਚ ਨਾਗਾਲੈਂਡ ਨੂੰ ਛੱਡ ਕੇ ਪੰਜਾਬ ਵਿੱਚ ਉਹ ਸੀਮਾਂਤ ਜੋਤਾਂ (ਢਾਈ ਏਕੜ ਤੋਂ ਘੱਟ) ਸਾਰੇ ਭਾਰਤ ਵਿੱਚ ਘੱਟ ਜਾਂ ਸਿਰਫ 13 ਫੀਸਦੀ ਹਨ, ਜਦਕਿ ਭਾਰਤ ਵਿੱਚ 74 ਫੀਸਦੀ ਹਨ। ਇਸ ਦੇ ਮੁਕਾਬਲੇ ਵਿੱਚ ਪੰਜਾਬ ਹੀ ਇੱਕ ਉਹ ਪ੍ਰਾਂਤ ਹੈ, ਜਿੱਥੇ ਨਾਗਾਲੈਂਡ ਨੂੰ ਛੱਡ ਕੇ ਸਭ ਤੋਂ ਵੱਧ ਵੱਡੀਆਂ ਜੋਤਾਂ ਜਾਂ 25 ਏਕੜ ਤੋਂ ਵੱਧ ਵਾਲੀਆਂ ਜੋਤਾਂ ਸਾਰੇ ਭਾਰਤ ਵਿੱਚੋਂ ਵੱਧ ਜਾਂ 6.8 ਫੀਸਦੀ ਹਨ, ਜਦਕਿ ਭਾਰਤ ਵਿੱਚ ਇਹ ਸਿਰਫ 0.7 ਫੀਸਦੀ ਹਨ। ਇਸ ਦੇ ਮਗਰ ਕਰਨ ਇਹ ਨਜ਼ਰ ਆਇਆ ਹੈ ਕਿ ਛੋਟੀਆਂ ਜੋਤਾਂ ਵਾਲਿਆਂ ਨੇ ਆਪਣੀ ਜ਼ਮੀਨ ਵੇਚ ਕੇ ਜਾਂ ਠੇਕੇ ’ਤੇ ਦੇ ਕੇ ਕੋਈ ਹੋਰ ਕਾਰੋਬਾਰ ਕਰ ਲਿਆ ਹੈ ਜਾਂ ਪਹਿਲਾਂ ਹੀ ਜ਼ਿਆਦਾ ਜ਼ਮੀਨ ਵਾਲੀਆਂ ਜੋਤਾਂ ਨੇ ਹੋਰ ਜ਼ਮੀਨਾਂ ਖਰੀਦ ਲਈਆਂ ਹਨ।

ਸਰਕਾਰ ਇੱਕ ਸਮਾਜਿਕ ਸਮਝੌਤਾ ਹੈ, ਜਿਸ ਦਾ ਉਦੇਸ਼ ਸਮਾਜ ਭਲਾਈ ਹੈ। ਜਿਹੜੀ ਤਬਦੀਲੀ ਜਾਂ ਜਿਹੜਾ ਕਾਨੂੰਨ ਸਮਾਜ ਦੀ ਭਲਾਈ ਵਿੱਚ ਵਾਧਾ ਕਰਦਾ ਹੈ, ਉਹ ਅਪਣਾ ਲੈਣਾ ਚਾਹੀਦਾ ਹੈ, ਭਾਵੇਂ ਸੰਵਿਧਾਨਕ ਤਬਦੀਲੀ ਵੀ ਕਰਨੀ ਪਵੇ। ਇਸ ਗੱਲ ਦਾ ਅਧਿਐਨ ਹੋਣਾ ਚਾਹੀਦਾ ਹੈ ਕਿ ਜ਼ਮੀਨ ਗੈਰ-ਉਪਜਾਊ ਕਿਉਂ ਬਣਦੀ ਹੈ।

ਪੰਜਾਬ ਸਰਕਾਰ ਦਾ ਭੂਮੀ ਸੰਭਾਲ ਮਹਿਕਮਾ ਸਿੰਚਾਈ ਲਈ ਸੀਮੇਂਟ ਦੇ ਪਾਈਪ ਪਾ ਕੇ ਜ਼ਮੀਨ ਦੀ ਬੱਚਤ ਕਰਦਾ ਹੈ ਤਾਂ ਕਿ ਉਸ ਪਾਈਪ ਦੇ ਉੱਪਰ ਵਾਲੀ ਭੂਮੀ ਵਿੱਚ ਵੀ ਖੇਤੀ ਹੋ ਸਕੇ, ਪਰ ਦੂਜੇ ਪਾਸੇ ਕਾਲੋਨੀਆਂ ਵਿੱਚ ਲੱਖਾਂ ਏਕੜ ਜ਼ਮੀਨ ਦਾ ਵਿਹਲਾ ਰਹਿਣਾ, ਸੰਸਥਾਵਾਂ ਅਤੇ ਉਦਯੋਗਿਕ ਇਕਾਈਆਂ ਵੱਲੋਂ ਲੋੜੋਂ ਕਿਤੇ ਵੱਧ ਭੂਮੀ ਗੈਰ-ਉਪਜਾਊ ਰੱਖਣੀ, ਖੇਤੀ ਵਾਲੀ ਜ਼ਮੀਨ ਨੂੰ ਕਿਸਾਨਾਂ ਤੋਂ ਦੂਰ ਕਰਨ ਵਾਲੀ ਗੱਲ ਹੈ। ਇਸ ਦਾ ਅਧਿਐਨ ਕਰਨਾ ਅਤੇ ਜ਼ਰੂਰੀ ਤਬਦੀਲੀਆਂ ਕਿਸਾਨ ਦੀ ਜ਼ਮੀਨ ਤੱਕ ਪਹੁੰਚ ਵਧਾ ਸਕਦੀਆਂ ਹਨ।




# ਸਾਉਣੀ ਰੁੱਤ ਦੀ ਮੱਕੀ ਦੇ ਵਧੇਰੇ ਝਾੜ ਲਈ ਸੁਚੱਜੀ ਪੌਦ ਸੁਰੱਖਿਆ



**ਹਰਲੀਨ ਕੌਰ, ਤੋਸ਼ ਗਰਗ ਅਤੇ ਜਸਬੀਰ ਸਿੰਘ ਚਾਵਲਾ,**
**ਪਲਾਂਟ ਬਰੀਡਿੰਗ ਅਤੇ ਜੈਨਟਿਕਸ ਵਿਭਾਗ, ਪੀ.ਏ.ਯੂ., ਲੁਧਿਆਣਾ**

**ਮੱਕੀ ਪੰਜਾਬ ਵਿੱਚ ਖੇਤੀ ਵਿਭਿੰਨਤਾ ਲਿਆਉਣ ਵਿੱਚ ਵਡਮੁੱਲਾ ਯੋਗਦਾਨ ਪਾ ਸਕਦੀ ਹੈ। ਪਰ ਮੱਕੀ ਦੀ ਫਸਲ ਦੀ ਕਾਸ਼ਤ ਨੂੰ ਲਾਹੇਵੰਦ ਬਣਾਉਣ ਵਿੱਚ ਉੱਨਤ ਕਿਸਮਾਂ ਅਤੇ ਉਤਪਾਦਨ ਤਕਨੀਕਾਂ ਦੇ ਨਾਲ ਕੀੜੇ ਮਕੌੜਿਆਂ, ਨਦੀਨਾਂ ਅਤੇ ਬਿਮਾਰੀਆਂ ਦੀ ਸੁਚੱਜੀ ਰੋਕਥਾਮ ਵੀ ਜ਼ਰੂਰੀ ਹੈ। ਇਹਨਾਂ ਦੀ ਰੋਕਥਾਮ ਲਈ ਮੁੱਢਲੀ ਜਾਣਕਾਰੀ ਇਸ ਪ੍ਰਕਾਰ ਹੈ :**

## 1. ਕੀੜੇ ਮਕੌੜੇ

ਮੱਕੀ ਦਾ ਗੜੂੰਆਂ ਸਾਉਣੀ ਰੁੱਤ ਦੀ ਫਸਲ ਨੂੰ ਨੁਕਸਾਨ ਪਹੁੰਚਾਉਣ ਵਾਲਾ ਮੁੱਖ ਕੀੜਾ ਹੈ।



ਪੰਜਾਬ ਵਿੱਚ ਮੱਕੀ ਉੱਪਰ ਇਸਦਾ ਹਮਲਾ ਅਪ੍ਰੈਲ ਤੋਂ ਜੁਲਾਈ ਵਿੱਚ ਹੁੰਦਾ ਹੈ। ਗੜੂੰਆਂ ਸਰਦੀ ਦੀ ਰੁੱਤ ਮੱਕੀ, ਜਵਾਰ ਜਾਂ ਬਾਜਰੇ ਆਦਿ ਦੇ ਮੁੱਢਾਂ, ਟਾਂਢਿਆਂ ਜਾਂ ਗੁੱਲਾਂ ਵਿੱਚ ਸੁੰਡੀ ਦੀ ਅਵਸਥਾ ਵਿੱਚ ਰਹਿੰਦਾ ਹੈ। ਮਾਰਚ ਦੇ ਮਹੀਨੇ ਇਹਨਾਂ ਵਿੱਚੋਂ ਪਤੰਗੇ ਨਿਕਲ ਕੇ ਮੱਕੀ ਉੱਪਰ ਅੰਡੇ ਦਿੰਦੇ ਹਨ। ਮਾਦਾ 10-15 ਦਿਨਾਂ ਦੀ ਫਸਲ ਤੇ ਅੰਡੇ ਦੇਣਾ ਪਸੰਦ ਕਰਦੀ ਹੈ। ਆਪਣੇ ਜੀਵਨ ਕਾਲ ਦੌਰਾਨ ਇੱਕ ਮਾਦਾ ਪਤੰਗਾ ਤਕਰੀਬਨ 300 ਅੰਡੇ ਦੇ ਸਕਦੀ ਹੈ। ਅੰਡਿਆਂ ਵਿੱਚੋਂ ਨਿਕਲਦੇ ਸਾਰ ਹੀ ਸੁੰਡੀਆਂ ਪੱਤਿਆਂ ਨੂੰ ਖੁਰਚ ਕੇ ਖਾਂਦੀਆਂ ਅਤੇ ਵੱਡੀਆਂ ਹੋਣ ਤੇ ਗੋਭ ਦੇ ਅੰਦਰ ਵੜਕੇ ਖਾਂਦੀਆਂ ਹਨ। ਇਸ ਕੀੜੇ ਦਾ ਜੀਵਨ ਚੱਕਰ ਸਾਉਣੀ ਵਿੱਚ ਤਕਰੀਬਨ 30-42 ਦਿਨਾਂ ਦਾ ਹੁੰਦਾ ਹੈ। ਹਮਲੇ ਵਾਲੀਆਂ ਗੋਭਾਂ ਵਿੱਚਲੇ ਪੱਤਿਆਂ ਉੱਪਰ ਗੋਲ ਨਿੱਕੀਆਂ ਮੋਰੀਆਂ ਲਾਇਨਾਂ ਵਿੱਚ ਬਣਦੀਆਂ ਹਨ ਅਤੇ ਸੁੰਡੀਆਂ ਗੋਭ ਨੂੰ ਖਾ ਕੇ ਸੁਕਾ ਦਿੰਦੀਆਂ ਹਨ।

**ਰੋਕਥਾਮ** : ਗੜੂੰਏਂ ਦੀ ਰੋਕਥਾਮ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਮਿੱਤਰ ਕੀੜੇ ਟਰਾਕੋਗ੍ਰਾਮਾ ਰਾਹੀਂ ਪਰਜੀਵੀ ਕਿਰਿਆ ਕੀਤੇ ਹੋਏ ਕ੍ਰੋਸਾਈਰਾ ਦੇ 40,000 ਅੰਡੇ ਪ੍ਰਤੀ ਏਕੜ ਦੇ ਹਿਸਾਬ ਦੇ ਨਾਲ 10 ਅਤੇ ਦੁਬਾਰਾ ਇੱਕ ਹਫਤੇ ਬਾਅਦ 17 ਦਿਨਾਂ ਦੀ ਫਸਲ ਉੱਪਰ ਵਰਤਣ ਦੀ ਸਿਫਾਰਿਸ਼ ਕੀਤੀ ਗਈ ਹੈ। ਇਹਨਾਂ ਕਾਰਡਾਂ ਨੂੰ 40 ਬਰਾਬਰ ਹਿੱਸਿਆਂ ਵਿੱਚ ਇਸ ਤਰ੍ਹਾਂ ਕੱਟੋ ਕਿ ਹਰ ਹਿੱਸੇ ਉੱਪਰ ਤਕਰੀਬਨ 1000 ਅੰਡੇ ਹੋਣੇ ਚਾਹੀਦੇ ਹਨ। ਕੱਟੇ ਹੋਏ ਕਾਰਡਾਂ ਨੂੰ ਗੋਭ ਦੇ ਪੱਤੇ ਦੇ ਹੇਠਲੇ ਪਾਸੇ ਸ਼ਾਮ ਦੇ ਸਮੇਂ ਖੇਤ ਵਿੱਚ ਇਕਸਾਰ ਦੂਰੀ ਤੇ ਪਿੰਨ ਨਾਲ ਨੱਥੀ ਕਰਨਾ ਚਾਹੀਦਾ ਹੈ। ਗੜੂੰਏਂ ਦੀ ਰੋਕਥਾਮ ਲਈ ਕੀਟਨਾਸ਼ਕਾਂ ਦੀ ਵਰਤੋਂ ਬਿਜਾਈ ਤੋਂ 2-3 ਹਫਤੇ ਵਿੱਚ ਜ਼ਿਆਦਾ ਲਾਹੇਵੰਦ ਹੈ। ਇਸ ਲਈ ਪੱਤਿਆਂ ਉੱਪਰ ਕੀੜੇ ਦਾ ਹਮਲਾ ਨਜ਼ਰ ਆਉਂਦੇ ਹੀ 30 ਮਿਲੀਲਿਟਰ ਕੋਰਾਜ਼ਨ 18.5 ਐਸ ਸੀ (ਕਲੋਰ-ਐਂਟਰਾਨੀਲੀਪਰੋਲ) ਨੂੰ 60 ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਨੈਪਸੈਕ ਪੰਪ ਨਾਲ ਛਿੜਕਾਅ ਕਰਨਾ ਚਾਹੀਦਾ ਹੈ।

## 2. ਨਦੀਨਾਂ ਦੀ ਰੋਕਥਾਮ

ਸਾਉਣੀ ਰੁੱਤ ਵਿੱਚ ਬਾਰਸ਼ ਕਾਰਨ ਨਦੀਨਾਂ ਦੀ ਸਮੱਸਿਆ ਜ਼ਿਆਦਾ ਆਉਂਦੀ ਹੈ। ਸ਼ੁਰੂ ਵਿੱਚ ਮੱਕੀ ਦਾ ਵਾਧਾ ਘੱਟ ਹੋਣ ਦੇ ਕਾਰਨ, ਜੇ ਨਦੀਨਾਂ ਦੀ ਸਹੀ ਰੋਕਥਾਮ ਨਾ ਕੀਤੀ ਜਾਵੇ ਤਾਂ ਝਾੜ ਦਾ ਕਾਫੀ ਨੁਕਸਾਨ ਹੋ ਜਾਂਦਾ ਹੈ। ਬਿਜਾਈ ਤੋਂ 15 ਅਤੇ 30 ਦਿਨਾਂ ਬਾਅਦ ਦੋ ਗੋਡੀਆਂ ਖੁਰਪੇ ਜਾਂ ਤ੍ਰਿਫਾਲੀ ਜਾਂ ਟਰੈਕਟਰ ਨਾਲ ਲੱਗੇ ਟਿੱਲਰ ਨਾਲ ਕਰੋ ਜਾਂ ਮੱਕੀ ਦੀਆਂ ਕਤਾਰਾਂ ਵਿੱਚ ਇਕ ਜਾਂ ਦੋ ਕਤਾਰਾਂ ਰਵਾਂਹ ਦੀਆਂ ਮੱਕੀ ਦੇ ਨਾਲ ਹੀ ਬੀਜੋ। ਰਵਾਂਹ ਨੂੰ ਬੀਜਣ ਤੋਂ 35-45 ਦਿਨਾਂ ਬਾਅਦ ਚਾਰੇ ਵਾਸਤੇ ਕੱਟ ਲਓ। ਬਿਜਾਈ ਲਈ ਰਵਾਂਹ-88 ਕਿਸਮ ਦਾ 16 ਕਿਲੋ ਬੀਜ ਅਤੇ ਰਵਾਂਹ ਸੀ ਐਲ-367 ਕਿਸਮ ਦਾ 8 ਕਿਲੋ ਬੀਜ ਪ੍ਰਤੀ ਏਕੜ ਵਰਤੋ। ਨਦੀਨਾਂ ਦੀ ਰਸਾਇਣਕ ਢੰਗਾਂ ਨਾਲ ਰੋਕਥਾਮ ਜ਼ਿਆਦਾ ਕਾਰਗਰ ਅਤੇ ਸੌਖੀ ਹੈ। ਬਿਜਾਈ ਤੋਂ ਦੱਸ ਦਿਨਾਂ ਦੇ ਅੰਦਰ-ਅੰਦਰ ਐਟਰਾਟਾਫ 50 ਡਬਲਯੂ ਪੀ (ਐਟਰਾਜ਼ੀਨ) 800 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਲ ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ ਵਿੱਚ ਅਤੇ 500 ਗ੍ਰਾਮ ਪ੍ਰਤੀ ਏਕੜ ਹਲਕੀਆਂ ਜ਼ਮੀਨਾਂ ਵਿੱਚ 200 ਲਿਟਰ ਪਾਣੀ ਵਿੱਚ ਘੋਲ ਕੇ ਛਿੜਕੋ। ਇਹ ਨਦੀਨ ਨਾਸ਼ਕ ਦਵਾਈ ਚੌੜੇ ਪੱਤਿਆਂ ਵਾਲੇ ਨਦੀਨਾਂ, ਇਟਸਿਟ ਅਤੇ ਘਾਹ ਦੀ ਵੀ ਰੋਕਥਾਮ ਕਰ ਦਿੰਦੀ ਹੈ। ਡੀਲੇ/ਮੋਥੇ ਦੀ ਰੋਕਥਾਮ ਲਈ 2, 4-ਡੀ ਅਮਾਈਨ ਸਾਲਟ 58 ਐਸ ਐਲ 400 ਮਿ.ਲਿ. ਪ੍ਰਤੀ ਏਕੜ ਬਿਜਾਈ ਤੋਂ 20-25 ਦਿਨ ਬਾਅਦ 150 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ। ਜੇਕਰ ਬਿਜਾਈ ਸਮੇਂ ਨਦੀਨ ਨਾਸ਼ਕ ਦਵਾਈਆਂ ਨਾ ਵਰਤੀਆਂ ਜਾ ਸਕੀਆਂ ਹੋਣ ਤਾਂ ਨਦੀਨਾਂ ਦੀ ਰੋਕਥਾਮ ਲਈ 105 ਮਿਲੀਲੀਟਰ ਪ੍ਰਤੀ ਏਕੜ ਲੌਡਿਸ 420 ਐਸ ਸੀ (ਟੈਂਬੋਟਰਾਇਨ) ਦਾ ਛਿੜਕਾਅ 150 ਲਿਟਰ ਪਾਣੀ ਵਿੱਚ ਘੋਲ ਕੇ ਬਿਜਾਈ ਤੋਂ 20 ਦਿਨਾਂ ਬਾਅਦ ਕਰੋ।





## 3. ਬਿਮਾਰੀਆਂ

ਪੱਤਿਆਂ ਅਤੇ ਟਾਂਡੇ ਦਾ ਝੁਲਸ ਰੋਗ ਇਸ ਬਿਮਾਰੀ ਨਾਲ ਟਾਂਡੇ ਅਤੇ ਛੱਲੀਆਂ ਦੁਆਲੇ ਪੱਤਿਆਂ ਉੱਤੇ ਫਿੱਕੇ ਅਤੇ ਗੂੜੇ ਸਲੇਟੀ ਰੰਗ ਦੇ ਧੱਬੇ ਪੈ ਜਾਂਦੇ ਹਨ। ਬਾਅਦ ਵਿੱਚ ਇਹ ਧੱਬੇ ਇੱਕ ਦੂਜੇ ਨਾਲ ਮਿਲ ਕੇ ਕੌਡੀਆਂ ਵਰਗੇ ਨਜ਼ਰ ਆਉਂਦੇ ਹਨ। ਅਖੀਰ ਵਿੱਚ ਕਾਲੇ ਰੰਗ ਦੇ ਬੀਜਾਣੂੰ 'ਸਕਲਰੋਸ਼ੀਆ' ਵੀ ਛੱਲੀਆਂ ਅਤੇ ਦਾਣਿਆਂ ਤੇ ਦਿਖਾਈ ਦਿੰਦੇ ਹਨ। ਇਸ ਦੀ ਰੋਕਥਾਮ ਲਈ, ਜਿਉਂ ਹੀ ਬਿਮਾਰੀਆਂ ਦੀਆਂ ਨਿਸ਼ਾਨੀਆਂ ਨਜ਼ਰ ਆਉਣ ਤਾਂ ਐਮੀਸਟਾਰ ਟੋਪ 325 ਐਸ ਸੀ (ਅਜ਼ੋਕਸੀਸਟਰੋਬਿਨ + ਡਾਈਫਿਨੋ-ਕੋਨਾਜ਼ੋਲ) 100 ਮਿਲੀਲਿਟਰ ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕੋ। ਲੋੜ ਪੈਣ ਤੇ ਦੂਜਾ ਛਿੜਕਾਅ 15 ਦਿਨ ਦੇ ਵਕਫੇ ਤੇ ਕਰੋ।

## 4. ਪੱਤਾ ਝੁਲਸ ਰੋਗ

ਇਸ ਬਿਮਾਰੀ ਨਾਲ ਪੱਤਿਆਂ ਦੇ ਆਲੇ-ਦੁਆਲੇ ਪੀਲੇ ਭੂਰੇ ਰੰਗ ਦੇ ਘੇਰੇ ਬਣ ਜਾਂਦੇ ਹਨ ਅਤੇ ਪੱਤੇ ਸੁੱਕ ਜਾਂਦੇ ਹਨ। ਇਹ ਨਿਸ਼ਾਨੀਆਂ ਛੱਲੀਆਂ ਦੇ ਪਰਦਿਆਂ ਤੇ ਵੀ ਪੈ ਜਾਂਦੀਆਂ ਹਨ। ਇਸ ਦੀ ਰੋਕਥਾਮ ਲਈ ਬਿਜਾਈ ਤੋਂ 15 ਦਿਨਾਂ ਬਾਅਦ 200 ਗ੍ਰਾਮ ਇੰਡੋਫਿਲ ਐਮ 45 ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ 10-10 ਦਿਨਾਂ ਦੀ ਵਿੱਥ ਤੇ ਤਿੰਨ ਛਿੜਕਾਅ ਕਰੋ।

## 5. ਟਾਂਡੇ ਗਲਣਾ

ਇਸ ਰੋਗ ਨਾਲ ਤਣੇ ਦੇ ਹੇਠਲੇ ਹਿੱਸੇ ਵਿੱਚ ਪਾਣੀ ਭਰੇ ਨਿਸ਼ਾਨ ਪੈ ਜਾਂਦੇ ਹਨ। ਤਣੇ ਦੇ ਬਾਹਰੀ ਭਾਗ ਦਾ ਕੁਦਰਤੀ ਹਰਾਪਣ ਖਤਮ ਹੋਣਾ ਅਤੇ ਤਣੇ ਵਿੱਚ ਬਦਬੂ ਆਉਣਾ, ਇਸ ਬਿਮਾਰੀ ਦੇ ਮੁੱਖ ਚਿੰਨ੍ਹ ਹਨ। ਗਲਿਆ ਹੋਇਆ ਤਣਾ ਮੁੱਢ ਤੋਂ ਦੂਜੀ ਜਾਂ ਤੀਜੀ ਗੰਢ ਦੇ ਵਿਚਕਾਰੋਂ ਟੁੱਟ ਜਾਂਦਾ ਹੈ ਅਤੇ ਸੁੱਕ ਜਾਂਦਾ ਹੈ। ਇਸ ਬਿਮਾਰੀ ਤੋਂ ਬਚਣ ਲਈ ਖੇਤ ਵਿੱਚ ਪਾਣੀ ਦਾ ਨਿਕਾਸ ਅਤੇ ਬੂਟਿਆਂ ਵਿਚਕਾਰ ਫਾਸਲਾ ਠੀਕ ਰੱਖੋ। ਬਿਮਾਰੀ ਵਾਲੇ ਪੌਦਿਆਂ ਦੇ ਮੁੱਢਾਂ ਨੂੰ ਨਸ਼ਟ ਕਰ ਦਿਉ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਲੋਂ ਸਿਫਾਰਸ਼ ਕੀਤੀਆਂ ਕਿਸਮਾਂ ਹੀ ਬੀਜੋ। ਮੱਕੀ ਦੀ ਬੈੱਡ ਜਾਂ ਵੱਟਾਂ ਤੇ ਬਿਜਾਈ ਨਾਲ ਇਸ ਬਿਮਾਰੀ ਦਾ ਹਮਲਾ ਘੱਟ ਜਾਂਦਾ ਹੈ।

## 6. ਪਛੇਤਾ ਮੁਰਝਾਉਣਾ

ਇਸ ਬਿਮਾਰੀ ਨਾਲ ਬੂਟੇ ਬੂਰ ਆਉਣ ਤੋਂ ਬਾਅਦ ਕੁਮਲਾਉਣ ਲੱਗ ਪੈਂਦੇ ਹਨ। ਟਾਂਡੇ ਦੀਆਂ ਹੇਠਲੀਆਂ ਪੋਰੀਆਂ ਦਾ ਰੰਗ ਬਦਲ ਜਾਂਦਾ ਹੈ। ਟਾਂਡੇ ਨੂੰ ਪਾੜਨ ਤੇ ਵਿਚਲੇ ਹਿੱਸੇ ਵਿੱਚ ਭੂਰੀਆਂ ਜਾਂ ਕਾਲੀਆਂ ਧਾਰੀਆਂ ਨਜ਼ਰ ਆਉਂਦੀਆਂ ਹਨ। ਇਸ ਰੋਗ ਦੀ ਰੋਕਥਾਮ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਲੋਂ ਸਿਫਾਰਸ਼ ਕਿਸਮਾਂ ਬੀਜੋ ਅਤੇ ਖਾਦਾਂ ਦੀ ਸਹੀ ਮਾਤਰਾ ਰੱਖੋ।



# ਫ਼ਲਦਾਰ ਬੂਟਿਆਂ ਲਈ ਜ਼ਿੰਕ ਦੀ ਮਹੱਤਤਾ

ਸਵਰੀਤ ਖਹਿਰਾ ਅਤੇ ਪਰਮਿੰਦਰ ਕੌਰ,
ਪੀ. ਏ. ਯੂ. ਫਾਰਮ ਸਲਾਹਕਾਰ ਸੇਵਾ ਕੇਂਦਰ, ਤਰਨ ਤਾਰਨ

**ਬੂਟਿਆਂ ਦੇ ਵਿਕਾਸ ਲਈ ਪੌਸ਼ਟਿਕ ਤੱਤਾਂ ਦੇ ਸੰਤੁਲਿਤ ਸਰੋਤ ਦੀ ਲੋੜ ਹੁੰਦੀ ਹੈ। ਪੌਸ਼ਟਿਕ ਤੱਤਾਂ ਵਿੱਚ 16 ਵੱਖ-ਵੱਖ ਤੱਤ ਸ਼ਾਮਿਲ ਹਨ, ਜਿਨ੍ਹਾਂ ਨੂੰ ਮੁੱਖ ਤੱਤ ਅਤੇ ਲਘੂ ਤੱਤ ਵਿੱਚ ਵੰਡਿਆ ਗਿਆ ਹੈ। ਮੁੱਖ ਤੱਤ ਤੋਂ ਭਾਵ ਹੈ ਕਿ ਇਨ੍ਹਾਂ ਦੀ ਲੋੜ ਵੱਡੀ ਮਾਤਰਾ ਵਿੱਚ ਹੁੰਦੀ ਹੈ ਅਤੇ ਲਘੂ ਤੱਤ ਦੀ ਲੋੜ ਬਹੁਤ ਘੱਟ ਮਾਤਰਾ ਵਿੱਚ ਹੁੰਦੀ ਹੈ। ਮੁੱਖ ਤੱਤਾਂ ਵਿੱਚ ਕਾਰਬਨ, ਹਾਈਡਰੋਜਨ, ਆਕਸੀਜਨ,**



**ਨਾਈਟਰੋਜਨ, ਫਾਸਫੋਰਸ, ਪੋਟਾਸ਼ੀਅਮ, ਕੈਲਸ਼ੀਅਮ, ਮੈਗਨੀਸ਼ੀਅਮ ਅਤੇ ਗੰਧਕ ਤੱਤ ਆਉਂਦੇ ਹਨ ਅਤੇ ਲਘੂ ਤੱਤਾਂ ਵਿੱਚ ਤਾਂਬਾ, ਲੋਹਾ, ਜ਼ਿੰਕ, ਬੋਰੋਨ, ਮੈਗਨੀਜ਼, ਮੋਲਿਬਡੇਨਮ ਅਤੇ ਕਲੋਰੀਨ ਹਨ। ਇਨ੍ਹਾਂ ਵਿੱਚੋਂ ਤਿੰਨ ਤੱਤ ਕਾਰਬਨ, ਹਾਈਡਰੋਜਨ ਅਤੇ ਆਕਸੀਜਨ ਪਾਣੀ ਅਤੇ ਹਵਾ ਤੋਂ ਪ੍ਰਾਪਤ ਹੁੰਦੇ ਹਨ, ਜਦੋਂਕਿ ਬਾਕੀ ਤੱਤ ਮਿੱਟੀ ਤੋਂ ਲਏ ਜਾਂਦੇ ਹਨ। ਇਹ ਦੇਖਣ ਵਿੱਚ ਆਇਆ ਹੈ ਕਿ ਬਹੁਤੇ ਬਾਗਬਾਨ ਪੌਸ਼ਟਿਕ ਤੱਤਾਂ ਦੀ ਪੂਰਤੀ ਲਈ ਖਾਦਾਂ ਦੀ ਹੀ ਵਰਤੋਂ ਕਰਦੇ ਹਨ ਅਤੇ ਲਘੂ ਤੱਤਾਂ ਦੇ ਇਸਤੇਮਾਲ ਨੂੰ ਛੱਡ ਜਾਂਦੇ ਹਨ। ਇਨ੍ਹਾਂ ਪੌਸ਼ਟਿਕ ਲਘੂ ਤੱਤਾਂ ਵਿੱਚ ਜੇ ਕਿਸੇ ਇੱਕ ਤੱਤ ਦੀ ਵੀ ਘਾਟ ਆ ਜਾਵੇ ਤਾਂ ਇਹ ਕਮੀ ਬੂਟਿਆਂ ਦੇ ਵਾਧੇ ਵਿੱਚ, ਫਲ ਦੀ ਗੁਣਵੱਤਾ ਅਤੇ ਝਾੜ 'ਤੇ ਕਾਫੀ ਅਸਰ ਪਾਉਂਦੀ ਹੈ।**

## ਲਘੂ ਤੱਤਾਂ ਦੀ ਘਾਟ ਦੇ ਕਾਰਨ

★ ਬੂਟਿਆਂ ਤੋਂ ਸਮਰੱਥਾ ਤੋਂ ਵੱਧ ਫਲ ਲੈਣਾ, ਰੂੜੀ ਖਾਦ ਦਾ ਇਸਤੇਮਾਲ ਨਾ ਕਰਨਾ, ਮਾੜੀ ਜ਼ਮੀਨ ਦੀ ਚੋਣ ਆਦਿ ਕਾਰਨਾਂ ਕਰਕੇ ਫਲਦਾਰ ਬੂਟਿਆਂ ਵਿੱਚ ਲਘੂ ਤੱਤਾਂ ਦੀ ਘਾਟ ਵਿੱਚ ਵਾਧਾ ਹੋਇਆ ਹੈ।

★ ਪੰਜਾਬ ਵਿੱਚ ਹਲਕੀ ਜ਼ਮੀਨ 'ਤੇ ਉਗਾਏ ਫਲਾਂ ਦੇ ਬੂਟਿਆਂ 'ਤੇ ਜ਼ਿੰਕ, ਤਾਂਬਾ ਅਤੇ ਲੋਹੇ ਦੀ ਕਮੀ ਆਮ ਦੇਖੀ ਗਈ ਹੈ। ਰੇਤਲੀਆਂ, ਕਲਰਾਠੀਆਂ, ਘੱਟ ਜੈਵਿਕ ਮਾਦੇ ਅਤੇ ਜ਼ਿਆਦਾ ਪੀ. ਐਚ. ਵਾਲੀਆਂ ਜ਼ਮੀਨਾਂ ਵਿੱਚ ਬੂਟਿਆਂ ਵਿੱਚ ਜ਼ਿੰਕ ਤੇ ਲੋਹੇ ਦੀ ਘਾਟ ਆਮ ਆ ਸਕਦੀ ਹੈ।

★ ਫਾਸਫੋਰਸ ਅਤੇ ਨਾਈਟ੍ਰੋਜਨ ਦੀ ਜ਼ਿਆਦਾ ਵਰਤੋਂ ਨਾਲ ਵੀ ਜ਼ਿੰਕ ਦੀ ਘਾਟ ਹੋ ਸਕਦੀ ਹੈ। ਇਨ੍ਹਾਂ ਤੱਤਾਂ ਦੀ ਗੈਰ-ਮੌਜੂਦਗੀ ਵਿੱਚ ਪੌਦੇ ਇੱਕ ਆਮ ਜੀਵਨ ਚੱਕਰ ਨੂੰ ਪੂਰਾ ਕਰਨ ਵਿੱਚ ਅਸਮਰੱਥ ਹੁੰਦੇ ਹਨ। ਜ਼ਿੰਕ ਲਘੂ ਤੱਤ ਦੀ ਕਮੀ ਦੇ ਲੱਛਣ ਅਤੇ ਪ੍ਰਬੰਧਨ ਬਾਰੇ ਜਾਣਕਾਰੀ ਇਸ ਪ੍ਰਕਾਰ ਹੈ :-

### ਨਿੰਬੂ ਜਾਤੀ

**ਨਿਸ਼ਾਨੀਆਂ** : ਨਵੀਂ ਫੋਟ ਦੇ ਪੂਰੇ ਵਧੇ ਹੋਏ ਪੱਤਿਆਂ 'ਤੇ ਰੰਗ-ਬਰੰਗੇ ਧੱਬੇ ਬਣ ਜਾਂਦੇ ਹੈ। ਫਲਾਂ ਵਾਲੀਆਂ ਅੱਖਾਂ ਬਹੁਤ ਘੱਟ ਜਾਂਦੀਆਂ ਹਨ। ਜਿਹੜੇ ਫਲ ਹੋਂਦ ਵਿੱਚ ਆਉਂਦੇ ਵੀ ਹਨ, ਉਨ੍ਹਾਂ ਦਾ ਆਕਾਰ ਬਹੁਤ ਛੋਟਾ ਰਹਿ ਜਾਂਦਾ ਹੈ। ਫਲਾਂ ਦੇ ਰਸ ਦੀ ਮਾਤਰਾ ਘੱਟ ਜਾਂਦੀ ਹੈ ਅਤੇ ਛਿੱਲ ਮੁਲਾਇਮ ਤੇ ਹਲਕੇ ਰੰਗ ਦੀ ਹੋ ਜਾਂਦੀ ਹੈ। ਆਮ ਕਰਕੇ ਜ਼ਿੰਕ ਦੀ ਘਾਟ, ਬੂਟੇ ਦੇ ਚੌਥੇ ਸਾਲ, ਪਹਿਲੇ ਫਲ ਦੇ ਪਿੱਛੋਂ ਆਉਂਦੀ ਹੈ।

**ਸੁਧਾਰ** : ਬੂਟੇ ਨੂੰ ਤੀਜੇ ਸਾਲ ਪਿੱਛੋਂ ਹਰ ਸਾਲ ਜ਼ਿੰਕ ਸਲਫੇਟ ਦੇ ਘੋਲ ਦਾ ਛਿੜਕਾਅ ਕਰੋ। ਜ਼ਿੰਕ ਦੀ ਘਾਟ ਦੀ ਪੂਰਤੀ ਕਰਨ ਲਈ ਰੋਗੀ ਦਰੱਖਤਾਂ 'ਤੇ (4.70 ਗ੍ਰਾਮ ਪ੍ਰਤੀ ਲੀਟਰ ਪਾਣੀ) ਜ਼ਿੰਕ ਸਲਫੇਟ ਦੇ ਘੋਲ ਦਾ ਛਿੜਕਾਅ ਭਰਪੂਰ ਪੱਤੇ ਨਿਕਲਣ 'ਤੇ ਕਰੋ। ਇਹ ਛਿੜਕਾਅ ਬਹਾਰ ਦੀ ਫੋਟ ਨੂੰ ਅਪ੍ਰੈਲ-ਮਈ ਵਿੱਚ ਅਤੇ ਗਰਮੀਆਂ ਦੀ ਫੋਟ ਨੂੰ ਅੱਧ ਅਗਸਤ ਵਿੱਚ ਚੂਨੇ ਤੋਂ ਬਿਨਾਂ ਕਰੋ।

### ਨਾਖ

**ਨਿਸ਼ਾਨੀਆਂ** : ਨਵੇਂ ਪੱਤਿਆਂ ਵਿੱਚ ਮੋਟੀਆਂ ਨਾੜਾਂ ਦੇ ਵਿਚਕਾਰਲਾ ਹਿੱਸਾ



ਪੀਲਾ ਹੋਣਾ ਸ਼ੁਰੂ ਹੋ ਜਾਂਦਾ ਹੈ। ਪੱਤਿਆਂ ਦਾ ਆਕਾਰ ਛੋਟਾ ਰਹਿ ਜਾਂਦਾ ਹੈ ਅਤੇ ਪੱਤੇ ਉੱਪਰ ਨੂੰ ਕੱਪ ਦੀ ਤਰ੍ਹਾਂ ਮੁੜਨਾ ਸ਼ੁਰੂ ਹੋ ਜਾਂਦੇ ਹਨ।

**ਸੁਧਾਰ** : 3 ਕਿਲੋ ਜ਼ਿੰਕ ਸਲਫੇਟ 1.5 ਕਿਲੋ ਅਣਬੁਝਿਆ ਚੂਨਾ 500 ਲੀਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ।

### ਅਲੂਚਾ

**ਨਿਸ਼ਾਨੀਆਂ** : ਹਲਕੀਆਂ ਜ਼ਮੀਨਾਂ ਵਿੱਚ ਲੱਗੇ ਬੂਟਿਆਂ 'ਤੇ ਗਰਮੀਆਂ ਤੇ ਵਰਖਾ ਰੁੱਤ ਵਿੱਚ ਜ਼ਿੰਕ ਦੀ ਘਾਟ ਦੀਆਂ



ਨਿਸ਼ਾਨੀਆਂ ਨਜ਼ਰ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ। ਟਹਿਣੀਆਂ ਤੇ ਉਪਰਲੇ ਪੱਤੇ ਛੋਟੇ ਅਤੇ ਤਿੱਖੇ ਆਕਾਰ ਦੇ ਬਣ ਜਾਂਦੇ ਹਨ ਅਤੇ ਪੱਤੇ ਨਾੜੀਆਂ ਵਿਚਕਾਰ ਪੀਲੇ ਨਜ਼ਰ ਆਉਂਦੇ ਹਨ। ਬੂਟਿਆਂ 'ਤੇ ਇਸ ਤੱਤ ਦੀ ਘਾਟ ਦੀ ਨਿਸ਼ਾਨੀ ਇਹ ਵੀ ਹੈ ਕਿ ਟਹਿਣੀ ਦੀ ਟੀਸੀ ਦੇ ਸਿਰਿਆਂ 'ਤੇ ਪੱਤੇ ਸੰਘਣੇਅਤੇ ਗੁੱਛੇਦਾਰ ਦਿਖਾਈ ਦਿੰਦੇ ਹਨ। ਫਲ ਦਾ ਆਕਾਰ ਬਹੁਤ ਛੋਟਾ ਰਹਿ ਜਾਂਦਾ ਹੈ ਅਤੇ ਫਲ ਸਖਤ ਹੋ ਜਾਂਦੇ ਹਨ।

**ਸੁਧਾਰ** : ਜ਼ਿੰਕ ਦੀ ਘਾਟ ਦੀਆਂ ਨਿਸ਼ਾਨੀਆਂ ਨਜ਼ਰ ਆਉਣ 'ਤੇ 3 ਕਿਲੋ ਜ਼ਿੰਕ ਸਲਫੇਟ, 1.5 ਕਿਲੋ ਅਣਬੁਝਿਆ ਚੂਨਾ 500 ਲੀਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ।

### ਅਮਰੂਦ

**ਨਿਸ਼ਾਨੀਆਂ** : ਪੱਤਿਆਂ ਦਾ ਆਕਾਰ ਛੋਟਾ ਰਹਿ ਜਾਂਦਾ ਹੈ। ਪੱਤਿਆਂ ਦੀਆਂ



ਮੋਟੀਆਂ ਲਕੀਰਾਂ ਵਿਚਾਲੇ ਦਾ ਰੰਗ ਪੀਲਾ ਅਤੇ ਫਿੱਕਾ ਪੀਲਾ ਹੋ ਜਾਂਦਾ ਹੈ।

**ਸੁਧਾਰ** : ਜ਼ਿੰਕ ਸਲਫੇਟ (1 ਕਿਲੋ) ਤੇ ਅਣਬੁਝਿਆ ਚੂਨਾ (ਅੱਧਾ ਕਿਲੋ) 100 ਲੀਟਰ ਪਾਣੀ ਵਿੱਚ ਘੋਲ ਕੇ ਜੂਨ ਤੋਂ ਸਤੰਬਰ ਵਿੱਚ 15 ਦਿਨ ਦੇ ਵਕਫੇ 'ਤੇ ਦੋ-ਤਿੰਨ ਛਿੜਕਾਅ ਕਰੋ।

### ਧਿਆਨ ਰੱਖਣਯੋਗ ਗੱਲਾਂ

★ ਲਘੂ ਤੱਤਾਂ ਦੇ ਮਿਸ਼ਰਣ ਦਾ ਉਪਯੋਗ ਨਾ ਕਰੋ।
★ ਲਘੂ ਤੱਤਾਂ ਦੇ ਨਾਲ ਖਾਦ, ਨਦੀਨਨਾਸ਼ਕਾਂ ਜਾਂ ਕੀਟਨਾਸ਼ਕਾਂ ਦੇ ਮਿਸ਼ਰਣ ਦਾ ਉਪਯੋਗ ਨਾ ਕਰੋ।
★ ਬੋਰਡੋ ਮਿਸ਼ਰਣ ਅਤੇ ਜ਼ਿੰਕ ਸਲਫੇਟ ਦੇ ਛਿੜਕਾਵਾਂ ਦਾ ਆਪਸ ਵਿੱਚ ਇੱਕ ਹਫਤੇ ਦਾ ਫਰਕ ਜ਼ਰੂਰ ਰੱਖੋ।



# ਬਾਗਬਾਨੀ ਲਈ ਅਨੁਕੂਲ ਮੌਨਸੂਨ

**ਚੰਗੀ ਅਤੇ ਹਰੀ-ਭਰੀ ਬਾਗਬਾਨੀ ਲਈ ਆਪਣੇ ਪੌਦਿਆਂ ਵਿੱਚ ਹਰ ਸ਼ਾਮ ਨੂੰ ਪਾਣੀ ਦਿਓ, ਇਸ ਲਈ ਇੱਕ ਗੱਲ ਯਾਦ ਰੱਖੋ ਕਿ ਤੁਸੀਂ ਦੁਪਹਿਰ ਵਿੱਚ ਪਾਣੀ ਨਾ ਦਿਉ, ਕਿਉਂਕਿ ਅਜਿਹਾ ਕਰਨ ਨਾਲ ਜ਼ਿਆਦਾ ਤਾਪਮਾਨ ਕਾਰਨ ਪੌਦਾ ਮਰ ਸਕਦਾ ਹੈ।**

ਬਾਗਬਾਨੀ ਦਾ ਸ਼ੌਕ ਹੈ, ਤਾਂ ਇਸ ਦੇ ਲਈ ਮੌਨਸੂਨ ਤੋਂ ਵਧੀਆ ਸਮਾਂ ਹੋਰ ਕੋਈ ਨਹੀਂ ਹੈ। ਮੰਨਿਆ ਜਾਂਦਾ ਹੈ ਕਿ ਮੌਨਸੂਨ ਅਰਥਾਤ ਬਰਸਾਤੀ ਮੌਸਮ ਵਿੱਚ ਗਰਮੀ ਦੇ ਨਾਲ-ਨਾਲ ਨਮੀ ਅਰਥਾਤ ਹੁੰਮਸ ਵੀ ਹੁੰਦੀ ਹੈ, ਜੋ ਪੌਦੇ ਦੀਆਂ ਜੜ੍ਹਾਂ ਨੂੰ ਚੰਗੀ ਤਰ੍ਹਾਂ ਫੈਲਣ ਵਿੱਚ ਮੱਦਦ ਕਰਦੀ ਹੈ।

ਚੰਗੀ ਬਾਗਬਾਨੀ ਦੇ ਲਈ ਮੌਨਸੂਨ ਦਾ ਮੌਸਮ ਇੱਕ ਕਿਸਮ ਦਾ ਟਾਨਿਕ ਵੀ ਮੰਨਿਆ ਜਾਂਦਾ ਹੈ। ਬਾਗਬਾਨੀ ਮਾਹਿਰਾਂ ਦਾ ਕਹਿਣਾ ਹੈ ਕਿ ਮੌਨਸੂਨ ਦੇ ਮੌਸਮ ਵਿੱਚ ਚੰਗੀ ਬਾਗਬਾਨੀ ਦੇ ਲਈ ਮਹੀਨੇ ਵਿੱਚ ਘੱਟੋ-ਘੱਟ ਦੋ ਵਾਰ ਖਾਦ ਬਦਲੋ। ਚੰਗੀ ਅਤੇ ਹਰੀ ਬਾਗਬਾਨੀ ਦੇ ਲਈ, ਆਪਣੇ ਪੌਦਿਆਂ ਨੂੰ ਰੋਜ਼ਾਨਾ ਸ਼ਾਮ ਨੂੰ ਪਾਣੀ ਦਿਓ, ਇਸ ਲਈ ਇੱਕ ਗੱਲ ਯਾਦ ਰੱਖੋ ਕਿ ਤੁਸੀਂ ਦੁਪਹਿਰ ਵਿੱਚ ਪਾਣੀ ਨਾ ਦਿਓ, ਕਿਉਂਕਿ ਅਜਿਹਾ ਕਰਨ ਨਾਲ ਜ਼ਿਆਦਾ ਤਾਪਮਾਨ ਕਾਰਨ ਪੌਦਾ ਮਰ ਸਕਦਾ ਹੈ।

ਜੇਕਰ ਤੁਸੀਂ ਫਲੈਟ ਵਿੱਚ ਰਹਿੰਦੇ ਹੋ ਅਤੇ ਤੁਹਾਨੂੰ ਬਾਗਬਾਨੀ ਦਾ ਸ਼ੌਕ ਹੈ, ਤਾਂ ਤੁਸੀਂ ਆਪਣੀ ਬਾਲਕੋਨੀ ਵਿੱਚ 'ਕੋਰੋਟਨ' ਅਤੇ 'ਗਲੇਡੀਆ' ਦੇ ਪੌਦੇ ਲਗਾ ਸਕਦੇ ਹੋ। ਮੰਨਿਆ ਜਾਂਦਾ ਹੈ ਕਿ 'ਕੋਰੋਟਨ' ਦੇ ਪੌਦੇ ਸਾਫ਼ ਹਵਾ ਪ੍ਰਦਾਨ ਕਰਨ ਦੇ ਨਾਲ-ਨਾਲ ਜੀਵਨ ਕਾਲ ਵਧਾਉਣ ਵਿੱਚ ਵੀ ਲਾਭਦਾਇਕ ਹੁੰਦੇ ਹਨ।

ਬਾਲਕੋਨੀ ਵਿੱਚ ਬਾਗਬਾਨੀ ਲਈ ਬੋਨਸਾਈ ਤਕਨੀਕ ਵੀ ਹੈ, ਜੋ ਛੋਟੇ ਪੌਦੇ ਬਣਾਉਣ ਦੀ ਬਹੁਤ ਪੁਰਾਣੀ ਤਕਨੀਕ ਹੈ। ਇਹ ਸਭ ਤੋਂ ਪਹਿਲਾਂ ਜਾਪਾਨ ਵਿੱਚ ਸ਼ੁਰੂ ਕੀਤੀ ਗਈ ਸੀ। ਇਸ ਵਿੱਚ ਪੌਦੇ ਇੱਕ ਛੋਟੇ ਗਮਲੇ ਵਿੱਚ ਲਗਾਏ ਜਾਂਦੇ ਹਨ। ਇਸ ਵਿੱਚ ਵੱਖ-ਵੱਖ ਪ੍ਰਕਾਰ ਦੇ ਪੌਦੇ ਹਨ, ਜਿਵੇਂ ਅੰਬ, ਨਿੰਬੂ, ਸੰਤਰਾ, ਅਨਾਰ ਆਦਿ ਨੂੰ ਇੱਕ ਵਿਸ਼ੇਸ਼ ਤਕਨੀਕ ਦੀ ਮੱਦਦ ਨਾਲ ਛੋਟਾ ਰੱਖਿਆ ਜਾਂਦਾ ਹੈ, ਅਰਥਾਤ ਇਨ੍ਹਾਂ ਪੌਦਿਆਂ ਨੂੰ ਵੱਡਾ ਨਹੀਂ ਹੋਣ ਦਿੱਤਾ ਜਾਂਦਾ, ਪਰ ਇੱਕ ਛੋਟੇ ਗਮਲੇ ਵਿੱਚ ਵੀ ਇਨ੍ਹਾਂ ਪੌਦਿਆਂ ਦੀ ਪ੍ਰਕਿਰਤੀ ਉਹੀ ਰਹਿੰਦੀ ਹੈ ਅਤੇ ਗਮਲੇ ਵਿੱਚ ਵੀ ਇਹ ਪੌਦਾ ਇੱਕ ਵੱਡੇ ਰੁੱਖ ਵਾਂਗ ਫਲ ਅਤੇ ਫੁੱਲ ਦਿੰਦਾ ਹੈ।

ਪੌਦੇ ਨੂੰ ਕੀਟਾਣੂਆਂ ਤੋਂ ਬਚਾਉਣ ਲਈ ਕੀਟਨਾਸ਼ਕ ਦਵਾਈਆਂ ਮੈਲਾਥੀਆਨ ਅਤੇ ਗੈਮੇਕਸੀਨ ਆਦਿ ਦਾ ਪੌਦਿਆਂ ਦੀਆਂ ਜੜ੍ਹਾਂ ਵਿੱਚ ਨਿਯਮਿਤ ਤੌਰ 'ਤੇ ਛਿੜਕਾਅ ਕਰੋ। ਮੌਨਸੂਨ ਦੌਰਾਨ ਪੌਦਿਆਂ ਨੂੰ ਖੁੱਲ੍ਹੇ ਅਸਮਾਨ ਦੇ ਹੇਠਾਂ ਰੱਖੋ, ਤਾਂ ਜੋ ਉਨ੍ਹਾਂ ਦੀਆਂ ਜੜ੍ਹਾਂ ਮਜ਼ਬੂਤ ਹੋ ਸਕਣ।

## ਸਹੀ ਪਾਣੀ ਅਤੇ ਧੁੱਪ ਦਾ ਧਿਆਨ ਰੱਖੋ

ਮੌਨਸੂਨ ਦਾ ਸਮਾਂ ਹੋਵੇ ਜਾਂ ਕੋਈ ਹੋਰ ਮੌਸਮ ਬਾਗਬਾਨੀ ਲਈ ਸਾਰੇ ਮੌਸਮ ਚੰਗੇ ਹੁੰਦੇ ਹਨ। ਬਰਸਾਤ ਦੇ ਮੌਸਮ ਵਿੱਚ ਪੌਦੇ ਦੀ ਸਹੀ ਦੇਖਭਾਲ ਕੀਤੀ ਜਾਵੇ, ਤਾਂ ਇਸ ਨੂੰ ਨਵਾਂ ਜੀਵਨ ਮਿਲਦਾ ਹੈ। ਬਾਗਬਾਨੀ ਦੌਰਾਨ ਪੌਦੇ ਨੂੰ ਸਹੀ ਮਿੱਟੀ ਵਿੱਚ ਲਗਾਓ, ਇਸ ਤੋਂ ਬਾਅਦ ਪੌਦੇ ਨੂੰ ਅਜਿਹੀ ਜਗ੍ਹਾਂ 'ਤੇ ਰੱਖੋ, ਜਿੱਥੇ ਇਸ ਨੂੰ ਕਾਫੀ ਧੁੱਪ ਮਿਲੇ ਅਤੇ ਪੌਦੇ ਨੂੰ ਹਰ ਰੋਜ਼ ਉਸਦੀ ਲੋੜ ਅਨੁਸਾਰ ਪਾਣੀ ਮਿਲੇ ਤਾਂ ਉਹ ਕਦੇ ਨਹੀਂ ਮਰੇਗਾ, ਸਗੋਂ ਉਹ ਤੇਜ਼ੀ ਨਾਲ ਵਧੇਗਾ ਅਤੇ ਚੰਗੀ ਤਰ੍ਹਾਂ ਨਾਲ ਵਧੇਗਾ।





# ਤੀਆਂ ਤੀਜ ਦੀਆਂ

ਸਾਉਣ ਦੇ ਮਹੀਨੇ ਵਿੱਚ ਵਿਆਹੀਆਂ ਹੋਈਆਂ ਲੜਕੀਆਂ ਆਪਣੇ ਸਹੁਰੇ ਘਰਾਂ ਤੋਂ ਬੜੇ ਚਾਵਾਂ ਨਾਲ ਪੇਕੇ ਘਰ ਪੁੱਜ ਕੇ, ਸੱਭਿਆਚਾਰ ਪਹਿਰਾਵਿਆਂ ਨਾਲ ਸਜ-ਧੱਜ ਕੇ ਆਪਣੀਆਂ ਸਖੀਆਂ ਸਹੇਲੀਆਂ ਨਾਲ ਰਲ ਕੇ ਤੀਆਂ ਦਾ ਤਿਉਹਾਰ ਬਾਰੇ ਰੀਝਾਂ ਨਾਲ ਮਨਾਉਂਦੀਆਂ ਹੁੰਦੀਆਂ ਸਨ । ਸਾਉਣ ਮਹੀਨੇ ਦੀ ਉਡੀਕ ਹਰ ਨਵ-ਵਿਆਹੀ ਕੁੜੀ ਨੂੰ ਬੜੀ ਸ਼ਿੱਦਤ ਨਾਲ ਹੁੰਦੀ ਸੀ । ਸੱਜ ਵਿਆਹੀਆਂ ਕੁੜੀਆਂ ਦੇ ਹੱਥਾਂ ਵਿਚ ਪਾਏ ਰੰਗਲੇ ਚੂੜੇ ਅਤੇ ਹੱਥਾਂ 'ਤੇ ਮਹਿੰਦੀ ਲਗਾ ਕੇ ਹਾਰ ਸ਼ਿੰਗਾਰ ਕਰਕੇ ਰਾਹ-ਖਿਹੜੇ ਆਪਣੇ ਹਾਣ ਦੀਆਂ ਸਹੇਲੀਆਂ ਨੂੰ ਗਲੇ ਮਿਲਦੀਆਂ ਸਨ, ਕਦੇ ਐਸ ਘਰੇ ਕਦੇ ਓਸ ਘਰੇ ਸਾਰਾ ਦਿਨ ਆਪਣੀਆਂ ਸਖੀਆਂ ਨੂੰ ਮਿਲਦੀਆਂ ਨਹੀਂ ਥੱਕਦੀਆਂ ਸਨ । ਸ਼ਾਮ ਨੂੰ ਢਲਦੇ ਸੂਰਜ ਦੀ ਲਾਲੀ ਦੇ ਨਾਲ ਹੀ ਇਹ ਸਰੂ ਵਰਗੀਆਂ ਲੰਮੀਆਂ-ਝੰਮੀਆਂ, ਗਾਡਰ ਵਰਗੇ ਨਰੋਏ ਜੁੱਸੇ ਵਾਲੀਆਂ ਤੇ ਦਗ-ਦਗ ਕਰਦੇ ਚਿਹਰਿਆਂ ਵਾਲੀਆਂ ਕੁੜੀਆਂ ਗਿੱਠ ਗਿੱਠ ਲੰਮੀਆਂ ਧੌਣਾਂ 'ਚ ਸੋਨੇ ਦੀਆਂ ਗਾਨੀਆਂ ਪਾ ਕੇ, ਸਿਰ ਰੰਗਲੇ ਦੁਪੱਟੇ ਲੈ ਕੇ ਝੁੰਡਾਂ ਦੇ ਰੂਪ ਵਿਚ ਪਿੰਡ ਦੀ ਖੁੱਲ੍ਹੀ ਜਗ੍ਹਾ ਵਿਚ ਪਿੱਪਲਾਂ, ਬੋਹੜਾਂ, ਟਾਹਲੀਆਂ ਦੀਆਂ ਛਾਵਾਂ ਹੇਠ 'ਕੱਠੀਆਂ ਹੁੰਦੀਆਂ ਸਨ । ਕਿਉਂ ਜੋ ਇਨ੍ਹਾਂ ਦਰੱਖਤਾਂ ਦੀ ਛਾਂ ਸੰਘਣੀ ਹੁੰਦੀ ਸੀ । ਕੁੜੀਆਂ ਇਨ੍ਹਾਂ ਵੱਡੇ ਦਰੱਖਤਾਂ 'ਤੇ ਦੋ-ਦੋ ਪੀਂਘਾਂ ਪਾਉਂਦੀਆਂ ਸਨ ਤੇ ਪੀਂਘਾਂ ਝੂਟਦੀਆਂ ਸਨ । ਪੀਂਘਾਂ ਪਾਉਣ ਵਾਸਤੇ ਕੁੜੀਆਂ ਦੇ ਚਾਚੇ-ਤਾਏ, ਕਾਹੀ-ਦੱਬ ਦੇ ਲੰਬੇ-ਲੰਬੇ ਰੱਸੇ ਵੱਟ ਕੇ ਦਿੰਦੇ ਸਨ । ਪੀਂਘਾਂ 'ਕੱਲੀਆਂ 'ਕੱਲੀਆਂ ਕੁੜੀਆਂ ਵੀ ਝੂਟਦੀਆਂ ਸਨ ਤੇ ਦੋ-ਦੋ ਵੀ । ਵੰਨ-ਸੁਵੰਨੇ ਸੂਟਾਂ ਵਿਚ ਪਟੋਲਿਆਂ ਵਾਂਗ ਸੱਜੀਆਂ ਕੁੜੀਆਂ ਅੱਧ ਅਸਮਾਨੇ ਪੀਂਘਾਂ ਚੜ੍ਹਾ ਦਿੰਦੀਆਂ । ਪੀਂਘਾਂ ਦੀਆਂ ਬੜੀਆਂ-ਬੜੀਆਂ ਹੀਂਘਾਂ ਚੜ੍ਹਾਈਆਂ ਜਾਂਦੀਆਂ ਸਨ । ਕਈ ਕੁੜੀਆਂ, ਜਿਨ੍ਹਾਂ ਨੂੰ ਆਪਣੇ ਮਾਹੀ ਨਾਲ ਡਾਢਾ ਪਿਆਰ ਹੁੰਦਾ, ਉਹ ਪੀਂਘ 'ਤੇ ਚੜ੍ਹੀਆਂ ਹੀ ਕੁੱਝ ਇਸ ਤਰ੍ਹਾਂ ਗਾਉਂਦੀਆਂ :

ਪੀਂਘ ਤੇਰੇ ਵੇ ਆਸਰੇ ਪਾਈ, ਵੇ ਇਕ ਝੂਟਾ ਦੇ ਜਾ ਹਾਣੀਆਂ ।

ਪੀਂਘਾਂ ਝੂਟਣ ਤੋਂ ਪਿੱਛੋਂ ਗਿੱਧੇ ਦੀ ਵਾਰੀ ਆਉਂਦੀ ਸੀ । ਇਕ ਗੋਲ ਘੇਰੇ ਵਿਚ ਕੁੜੀਆਂ 'ਕੱਠੀਆਂ ਹੋ ਜਾਂਦੀਆਂ ਸਨ । ਦੋ-ਦੋ ਕੁੜੀਆਂ ਵਾਰੀ-ਵਾਰੀ ਤੇਰੇ ਦੇ ਅੰਦਰ ਹੋ ਕੇ ਨੱਚਦੀਆਂ ਸਨ । ਬਾਕੀ ਕੁੜੀਆਂ ਵਾਰੀ-ਵਾਰੀ ਬੋਲੀਆਂ ਪਾਉਂਦੀਆਂ ਸਨ । ਜਦ ਇਹ ਬੋਲੀਆਂ ਪਾਉਂਦੀਆਂ ਸਨ ਤਾਂ ਅਸਮਾਨ ਗੂੰਜ ਉੱਠਦਾ ਸੀ । ਕੁੜੀਆਂ ਦੀਆਂ ਅੱਡੀਆਂ ਦੀ ਧਮਕ ਅਤੇ ਹੱਥਾਂ 'ਚ ਛਣਕਦੀਆਂ ਚੂੜੀਆਂ ਦੀ ਛਣਕਾਰ ਸੁਣ ਕੇ ਹਰ ਰਾਹਗੀਰ ਦਾ ਮਨ ਰੁਕ ਜਾਣ ਨੂੰ ਕਰਦਾ :

ਸਾਉਣ ਮਹੀਨਾ ਦਿਨ ਤੀਆਂ ਦੇ ਠੰਢੀਆਂ ਵਗਣ ਫੁਹਾਰਾਂ,
ਨੱਚ ਲੈ ਮੋਰਨੀਏ ਪੰਜ ਪਤਾਸੇ ਵਾਰਾਂ ਨੱਚ ਲੈ ਮੋਰਨੀਏ ।

ਕਈ ਕੁੜੀਆਂ ਸੰਗਾਊ ਹੁੰਦੀਆਂ ਅਤੇ ਕਈ ਕੁੜੀਆਂ ਗਿੱਧੇ ਵਿਚ ਦਿਲਚਸਪੀ ਨਹੀਂ ਸਨ ਲੈਂਦੀਆਂ, ਉਨ੍ਹਾਂ ਕੁੜੀਆਂ ਨੂੰ ਟਕੋਰਾਂ ਵੀ ਲਾਈਆਂ ਜਾਂਦੀਆਂ ਸਨ :

ਚਿੱਟੀ ਚਿੱਟੀ ਕਣਕ ਦੁਆਬੇ ਦੀ, ਜਿਹੜੀ ਗਿੱਧਾ ਨਾ ਪਾਏ ਰੰਨ ਬਾਬੇ ਦੀ ।

ਬੋਲੀਆਂ ਰਾਹੀਂ ਕੁੜੀਆਂ ਆਪਣੇ ਮਨਾਂ ਦੀ ਭੜਾਸ ਵੀ ਕੱਢਦੀਆਂ ਸਨ ਤੇ ਸੱਸ-ਸਹੁਰੇ ਦੇ ਮਾੜੇ ਵਿਹਾਰ, ਪਰਿਵਾਰ ਦੀ ਮਾੜੀ ਮਾਇਕ ਹਾਲਤ, ਜੰਗ 'ਤੇ ਗਏ ਫੌਜੀ ਪਤੀ ਦਾ ਵਿਛੋੜਾ, ਔਖੀ ਕਬੀਲਦਾਰੀ, ਬੜੀ ਉਮਰ ਦੇ ਪਤੀ ਦੇ ਦੁੱਖ ਵੀ ਰੋਂਦੀਆਂ ਸਨ ਤੇ ਆਪਣੇ ਨਿਆਣੇ ਕੰਤ ਦੇ ਝੋਰੇ ਦੇ ਦੁੱਖ ਵੀ ਰੋਂਦੀਆਂ ਸਨ । ਇੱਕ-ਦੋ ਹਫਤੇ ਪੇਕੇ ਗੁਜ਼ਾਰਨ ਤੋਂ ਬਾਅਦ ਜਦੋਂ ਵਿਆਹੀਆਂ ਕੁੜੀਆਂ ਨੂੰ ਕੋਈ ਸਹੁਰੇ ਘਰੋਂ ਲੈਣ ਆਉਂਦਾ ਹੈ ਤਾਂ ਉਹਨਾਂ ਦੇ ਦਿਲ 'ਚੋਂ ਸਿਰਫ ਇਹੀ ਬੋਲ ਨਿਕਲਦੇ :

ਸਾਉਣ ਵੀਰ 'ਕੱਠੀਆਂ ਕਰੇ, ਭਾਦੋਂ ਚੰਦਰੀ ਵਿਛੋੜੇ ਪਾਵੇ ।

ਇਸ ਤਰ੍ਹਾਂ ਵਿਆਹੀਆਂ ਕੁੜੀਆਂ ਕੁੱਝ ਦਿਨ ਆਪਣੇ ਪੇਕੇ ਪਿੰਡ ਆਪਣੀਆਂ ਸਖੀਆਂ-ਸਹੇਲੀਆਂ ਨਾਲ ਹਸ ਖੇਡ ਕੇ ਆਪਣੇ ਸਹੁਰੇ ਘਰ ਮੁੜ ਜਾਂਦੀਆਂ । ਸਹੁਰੇ ਘਰ ਜਾਣ ਲੱਗੀਆਂ ਨੂੰ ਮਾਪੇ ਦੁੱਧ, ਘਿਉ, ਚੀਨੀ, ਆਟੇ ਦੇ ਬਿਸਕੁਟ ਬਣਵਾ ਕੇ ਇਕ ਪੀਪੇ ਵਿਚ ਪਾ ਕੇ ਤੀਆਂ ਦਾ ਸੰਧਾਰਾ ਅਤੇ ਕੁੱਝ ਆਪਣੀ ਹੈਸੀਅਤ ਮੁਤਾਬਿਕ ਕੱਪੜੇ-ਲੀੜੇ ਦੇ ਕੇ ਸਹੁਰੇ ਘਰ ਵਿਦਾ ਕਰ ਦਿੰਦੇ । ਤੀਆਂ ਸਾਉਣ ਮਹੀਨੇ ਦੇ ਚਾਨਣ ਪੱਖ ਦੀ ਤੀਜ ਤੋਂ ਸ਼ੁਰੂ ਹੁੰਦੀਆਂ ਸਨ ਤੇ ਪੁੰਨਿਆਂ ਨੂੰ ਖਤਮ ਹੋ ਜਾਂਦੀਆਂ ਸਨ । ਇਨ੍ਹਾਂ ਦਿਨਾਂ 'ਚ ਘਰ-ਘਰ ਗੁਲਗਲੇ ਪੱਕਦੇ, ਮੱਠੀਆਂ ਤਲੀਆਂ ਜਾਂਦੀਆਂ, ਮਾਲ੍ਹਪੂੜੇ ਬਣਦੇ ਅਤੇ ਖੀਰਾਂ ਰਿੱਝਦੀਆਂ, ਪਰ ਅੱਜ ਉਹ ਤਿਉਹਾਰ ਅਲੋਪ ਹੁੰਦਾ ਜਾ ਰਿਹਾ ਹੈ, ਕਿਉਂਕਿ ਹੁਣ ਨਾ ਹੀ ਪਿੰਡਾਂ ਵਿੱਚ ਵੱਡੇ ਦਰੱਖਤ ਰਹੇ, ਨਾ ਹੀ ਪੀਂਘਾਂ ਤੇ ਨਾ ਹੀ ਵਿਆਹੀਆਂ ਕੁੜੀਆਂ ਕਬੀਲਦਾਰੀਆਂ ਦੇ ਖਲਜਗਣ 'ਚ ਪੈਣ ਕਰਕੇ ਆਪ ਹੀ ਤੀਆਂ ਦੇ ਮੌਕੇ ਆਪਣੇ ਪੇਕੇ ਪਿੰਡ ਜਾਂਦੀਆਂ ਹਨ । ਇਸ ਲੁਪਤ ਹੁੰਦੇ ਜਾ ਰਹੇ ਵਿਰਸੇ ਨੂੰ ਅੱਜ ਹੂ-ਬ-ਹੂ ਉਸੇ ਤਰ੍ਹਾਂ ਸੰਭਾਲਣ ਦੀ ਬਹੁਤ ਲੋੜ ਹੈ, ਕਿਉਂਕਿ ਜੇਕਰ ਅਸੀਂ ਆਪਣਾ ਇਹ ਅਮੀਰ ਵਿਰਸਾ ਅੱਜ ਨਾ ਸੰਭਾਲਾਂਗੇ ਤਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਨ੍ਹਾਂ ਦਾ ਕੀ ਪਤਾ ਹੋਵੇਗਾ । ਸੋ, ਅੱਜ ਸਾਨੂੰ ਇਸ ਸੱਭਿਆਚਾਰ ਰੂਪੀ ਵਿਰਾਸਤ ਨੂੰ ਸੰਭਾਲਣ ਦੀ ਲੋੜ ਹੈ ।

**ਤਸਵਿੰਦਰ ਸਿੰਘ ਬੜੈਚ,**
**ਪਿੰਡ ਦੀਵਾਲਾ, ਤਹਿ. ਸਮਰਾਲਾ,**
**ਜ਼ਿਲ੍ਹਾ ਲੁਧਿਆਣਾ**
(ਮੋ. 75279-31887)

# ਪਸ਼ੂਆਂ ਵਿੱਚ ਤੇਜ਼ਾਬੀਪਨ ਦਾ ਰੋਗ ਹੋਵੇ ਤਾਂ ਕੀ ਕਰੀਏ?

ਦੁਧਾਰੂ ਪਸ਼ੂਆਂ ਵਿਚ ਮਿਹਦੇ ਦੇ ਤੇਜ਼ਾਬੀਪਨ ਦੀ ਸਮੱਸਿਆ ਜਿਸ ਨੂੰ ਐਸਿਡੋਸਿਸ ਜਾਂ ਗ੍ਰੇਨ ਓਵਰਲੋਡ ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਹੈ, ਇਕ ਪਾਚਣਤੰਤਰ ਦੀ ਬਿਮਾਰੀ ਹੈ । ਪਾਚਣਤੰਤਰ ਦੀਆਂ ਹੋਰ ਬਿਮਾਰੀਆਂ ਵਾਂਗ ਇਸ ਵਿਚ ਵੀ ਦ੍ਰਿਸ਼ ਲੱਛਣਾਂ ਵਾਲੇ ਪਸ਼ੂਆਂ ਤੋਂ ਇਲਾਵਾ ਵੱਗ ਵਿਚ ਵੱਡੀ ਗਿਣਤੀ ਦੇ ਪਸ਼ੂ ਬਿਨਾਂ ਲੱਛਣਾਂ ਦੇ ਹੁੰਦੇ ਹਨ । ਅਜਿਹੇ ਪਸ਼ੂ ਜੋ ਹਰੇ ਚਾਰੇ 'ਤੇ ਪਲ ਰਹੇ ਹੋਣ ਪਰ ਅਚਾਨਕ ਵਧੇਰੇ ਮਾਤਰਾ ਵਿਚ ਅਨਾਜ ਖਾ ਲੈਣ ਤਾਂ ਉਹ ਗੰਭੀਰ ਬਿਮਾਰ ਹੋ ਸਕਦੇ ਹਨ । ਅਜਿਹਾ ਹੋਣ ਦੇ ਮੁੱਖ ਕਾਰਨਾਂ ਵਿਚ ਦੁਰਘਟਨਾਵੱਸ ਵੱਧ ਅਨਾਜ ਖਾ ਲੈਣਾ, ਦਾਣਿਆਂ ਵਾਲੀਆਂ ਫਸਲਾਂ ਖਾ ਲੈਣਾ, ਹਰੇ ਚਾਰੇ ਦੀ ਕਮੀ ਸਮੇਂ ਵਧੇਰੇ ਅਨਾਜ ਖੁਰਾਕ ਵਿਚ ਸ਼ਾਮਲ ਹੋਣਾ ਆਦਿ ਸ਼ਾਮਿਲ ਹੋ ਸਕਦੇ ਹਨ । ਅਨਾਜ ਵਿਚਲਾ ਕਾਰਬੋਹਾਈਡ੍ਰੇਟ ਪਸ਼ੂਆਂ ਦੇ ਮਿਹਦੇ ਵਿਚ ਅਪਘਟਿਤ ਹੋ ਕੇ ਲੈਕਟਿਕ ਐਸਿਡ ਪੈਦਾ ਕਰਦਾ ਹੈ, ਜਿਸ ਨਾਲ ਮਿਹਦੇ ਵਿਚ ਤੇਜ਼ਾਬੀ ਮਾਦਾ ਵਧ ਜਾਂਦਾ ਹੈ । ਤੇਜ਼ਾਬੀ ਮਾਦਾ ਦੇ ਵਧਣ ਨਾਲ ਮਿੱਤਰ ਸੂਖਮ ਜੀਵ ਨਸ਼ਟ ਹੋ ਜਾਂਦੇ ਹਨ ਅਤੇ ਮਿਹਦੇ ਦੀਆਂ ਗਤੀਆਂ ਵਿਧੀਆਂ ਰੁਕ ਜਾਂਦੀਆਂ ਹੈ । ਲੈਕਟਿਕ ਐਸਿਡ ਦੀ ਉੱਚ ਮਾਤਰਾ ਨਾਲ ਪਸ਼ੂਆਂ ਦੇ ਟਿਸ਼ੂਆਂ ਅਤੇ ਖੂਨ ਦਾ ਪਾਣੀ ਮਿਹਦੇ ਵਿਚ ਆ ਜਾਂਦਾ ਹੈ, ਜਿਸ ਕਰਕੇ ਸਰੀਰ ਵਿਚ ਪਾਣੀ ਦੀ ਘਾਟ ਹੋ ਜਾਂਦੀ ਹੈ ਅਤੇ ਖੂਨ ਸੰਘਣਾ ਹੋ ਜਾਂਦਾ ਹੈ । ਜ਼ਿਆਦਾ ਲੰਬੇ ਸਮੇਂ ਤੱਕ ਲੈਕਟਿਕ ਐਸਿਡ ਜਮ੍ਹਾਂ ਰਹਿਣ ਨਾਲ ਖੁਰਾਂ ਦਾ ਫਟਣਾ ਅਤੇ ਲੰਗੜਾਪਨ ਵੀ ਹੋ ਸਕਦਾ ਹੈ ।



ਇਸ ਬਿਮਾਰੀ ਦੀ ਗੰਭੀਰਤਾ ਪਸ਼ੂਆਂ ਵੱਲੋਂ ਖਾਧੇ ਗਏ ਅਨਾਜ ਦੀ ਕਿਸਮ ਅਤੇ ਮਾਤਰਾ 'ਤੇ ਨਿਰਭਰ ਕਰਦੀ ਹੈ । ਘੱਟ ਅਸਰ ਵਾਲੇ ਪਸ਼ੂਆਂ ਵਿਚ ਪੇਟ ਦਰਦ, ਭੁੱਖ ਦੀ ਕਮੀ, ਦੰਦ ਕਿਰਚਣਾ, ਮੋਕ ਆਦਿ ਲੱਛਣ ਹੋ ਸਕਦੇ ਹਨ । ਵਧੇਰੇ ਗੰਭੀਰ ਸਥਿਤੀ ਵਿਚ ਤੇਜ਼ ਬਦਬੂਦਾਰ ਮੋਕ, ਦਿਲ ਦੀ ਧੜਕਣ ਵਿਚ ਕਮੀ, ਸਾਹ ਗਤੀ ਵਿਚ ਵਾਧਾ, ਸਾਧਾਰਨ ਤੋਂ ਘੱਟ ਸਰੀਰਕ ਤਾਪਮਾਨ ਅਤੇ ਅਫਾਰਾ ਆਦਿ ਲੱਛਣ ਹੋ ਸਕਦੇ ਹਨ । ਪਸ਼ੂਆਂ ਦੇ ਮਿਹਦੇ ਦੇ ਪਾਣੀ ਦੀ ਪੀ .ਐਚ. ਆਮ ਤੌਰ 'ਤੇ 5.5 ਤੋਂ 7.0 ਤੱਕ ਹੁੰਦੀ ਹੈ । ਇਸ ਪੀ.ਐਚ. ਦਾ 5.5 ਤੋਂ ਲੰਬੇ ਸਮੇਂ ਤੱਕ ਜ਼ਿਆਦਾ ਘਟੇ ਰਹਿਣਾ ਇਸ ਬਿਮਾਰੀ ਦੀ ਨਿਸ਼ਾਨੀ ਹੈ । ਲਗਾਤਾਰ ਪੀ.ਐਚ. ਘਟਣ ਕਾਰਨ ਮਿਹਦੇ ਦੀਆਂ ਪਰਤਾਂ ਖਰਾਬ ਹੋ ਜਾਂਦੀਆਂ ਹਨ, ਜਿਸ ਨੂੰ ਠੀਕ ਹੋਣ ਵਿਚ ਛੇ



ਹਫਤਿਆਂ ਤੱਕ ਦਾ ਸਮਾਂ ਵੀ ਲੱਗ ਸਕਦਾ ਹੈ । ਇਹ ਪਰਤਾਂ ਖਰਾਬ ਹੋਣ ਨਾਲ ਮਿਹਦੇ ਦੀ ਖੁਰਾਕ ਵਿਚੋਂ ਖੁਰਾਕੀ ਅੰਸ਼ ਸੋਖਣ ਦੀ ਸ਼ਕਤੀ ਵੀ ਘਟ ਜਾਂਦੀ ਹੈ ਜਿਸ ਨਾਲ ਪਸ਼ੂ ਦਾ ਵਾਧਾ ਰੁੱਕ ਜਾਂਦਾ ਹੈ । ਅਜਿਹੀ ਸਥਿਤੀ ਵਿਚ ਪਸ਼ੂ ਦੀ ਬਿਮਾਰੀ ਪ੍ਰਤੀਰੋਧਕ ਸਮਰੱਥਾ ਘਟੀ ਹੋਣ ਕਾਰਨ ਜਿਗਰ ਅਤੇ ਦੂਜੇ ਅੰਦਰੂਨੀ ਅੰਗਾਂ ਨੂੰ ਹੋਰ ਬਿਮਾਰੀ ਘੇਰ ਲੈਂਦੀਆਂ ਹਨ । ਵਧੇਰੇ ਅਨਾਜ ਖਾਣ ਨਾਲ ਵਧੇ ਤੇਜ਼ਾਬੀ ਮਾਦੇ ਦੇ ਪ੍ਰਭਾਵ ਹੇਠ ਆਏ ਪਸ਼ੂ 12 ਘੰਟਿਆਂ ਅੰਦਰ ਖਾਣਾ-ਪੀਣਾ ਛੱਡ ਜਾਂਦੇ ਹਨ । ਵਧੇਰੇ ਗੰਭੀਰ ਹਾਲਤਾਂ ਵਿਚ ਪਸ਼ੂਆਂ ਵਿਚ ਪਾਣੀ ਦੀ ਇੱਛਾ ਵੱਧ ਜਾਂਦੀ ਹੈ ਪਰ ਪਾਣੀ ਦੇ ਮਿਹਦੇ ਵਿਚ ਜਾਣ 'ਤੇ ਅਨਾਜ ਪਾਣੀ ਸੋਖ ਕੇ ਸਥਿਤੀਆਂ ਨੂੰ ਹੋਰ ਖਰਾਬ ਕਰ ਦਿੰਦਾ ਹੈ । ਇਸ ਕਰਕੇ ਪਸ਼ੂਆਂ ਨੂੰ ਬਿਨਾਂ ਲੋੜ ਤੋਂ ਪਾਣੀ ਨਹੀਂ ਪੀਣ ਦੇਣਾ ਚਾਹੀਦਾ । ਮੁੱਢਲੀ ਸਹਾਇਤਾ ਦੇ ਰੂਪ ਵਿਚ ਤੂੜੀ ਖਾਣ ਲਈ ਦਿੱਤੀ ਜਾ ਸਕਦੀ ਹੈ ਅਤੇ ਖੁਰਾਕ ਵਿਚੋਂ ਅਨਾਜ ਨੂੰ ਹਟਾ ਕੇ ਚੰਗੇ ਨਤੀਜੇ ਹਾਸਲ ਕੀਤੇ ਜਾ ਸਕਦੇ ਹਨ ।

ਆਪਣੇ ਪਸ਼ੂਆਂ ਨੂੰ ਇਸ ਬਿਮਾਰੀ ਨੂੰ ਬਚਾਉਣ ਦੀ ਸਭ ਤੋਂ ਪਹਿਲੀ ਕੁੰਜੀ ਅਨਾਜ ਦੀ ਸਹੀ ਸਾਂਭ-ਸੰਭਾਲ ਹੈ, ਜਿਸ ਨਾਲ ਸਟੋਰ ਕੀਤੇ ਵਾਧੂ ਅਨਾਜ ਅਤੇ ਖੜ੍ਹੀ ਫਸਲ ਤੱਕ ਪਸ਼ੂਆਂ ਦੀ ਪਹੁੰਚ ਨਹੀਂ ਹੋਣੀ ਚਾਹੀਦੀ । ਪਸ਼ੂਆਂ ਨੂੰ ਹਮੇਸ਼ਾਂ ਨਵੀਂ ਕਿਸਮ ਦਾ ਅਨਾਜ ਖੁਰਾਕ ਵਿਚ ਸ਼ਾਮਿਲ ਕਰਨ ਤੋਂ ਪਹਿਲਾਂ ਥੋੜ੍ਹੀ-ਥੋੜ੍ਹੀ ਮਾਤਰਾ ਵਿਚ ਦੇ ਕੇ ਮਿਹਦੇ ਨੂੰ ਅਨੁਕੂਲਿਤ ਬਣਾਉਣਾ ਚਾਹੀਦਾ ਹੈ ਅਤੇ ਫਿਰ ਵੀ ਘੱਟੋ-ਘੱਟ 7 ਦਿਨਾਂ ਵਿਚ ਹੌਲੀ-ਹੌਲੀ ਮਾਤਰਾ ਵਧਾਉਣੀ ਚਾਹੀਦੀ ਹੈ । ਵਧੇਰੇ ਕਾਰਬੋਹਾਈਡ੍ਰੇਟ ਵਾਲੀ ਖੁਰਾਕ ਦੇਣ ਦੀ ਸੂਰਤ ਵਿਚ 10-12 ਫੀਸਦੀ ਸੁੱਕਾ ਚਾਰਾ (ਤੂੜੀ, ਪਰਾਲੀ, ਹੇਅ ਆਦਿ) ਵੀ ਨਾਲ ਹੀ ਚਾਰਨਾ ਚਾਹੀਦਾ ਹੈ । ਜਦੋਂ ਵੀ ਨਵੀਂ ਖੁਰਾਕ ਸ਼ੁਰੂ ਕੀਤੀ ਜਾਵੇ ਤਾਂ ਆਪਣੇ ਪੂਰੇ ਵੱਗ ਦਾ ਦਸਤਾ, ਉਦਾਸ ਮੁਦਰਾ, ਸੁਸਤੀ ਅਤੇ ਲੰਗੜਾਪਨ ਆਦਿ ਲਈ ਨਿਰੀਖਣ ਲਗਾਤਾਰ ਕਰਕੇ ਰਹਿਣਾ ਚਾਹੀਦਾ ਹੈ । ਪਸ਼ੂ ਖੁਰਾਕ ਵਿਚ ਬਫਰਾਂ ਦੀ ਵੀ ਵਰਤੋਂ ਕੀਤੀ ਜਾ ਸਕਦੀ ਹੈ । ਬਫਰ ਦੀ ਸਹਾਇਤਾ ਨਾਲ ਮਿਹਦੇ ਦੀ ਘਟੀ ਹੋਈ ਪੀ. ਐਚ, ਸਾਧਾਰਨ ਪੱਧਰ 'ਤੇ ਆਪਣੇ-ਆਪ ਹੁੰਦੀ ਰਹਿੰਦੀ ਹੈ । ਪਰ ਧਿਆਨ ਦੇਣ ਯੋਗ ਗੱਲ ਹੈ ਕਿ ਬਿਮਾਰੀ ਆਉਣ ਤੋਂ ਬਾਅਦ ਬਫਰ ਪੀ ਐਚ ਵਿਚ ਵਾਧਾ ਨਹੀਂ ਕਰ ਸਕਦੇ ।

ਵਧੇਰੇ ਗੰਭੀਰ, ਖੜ੍ਹਨ ਤੋਂ ਅਸਮਰੱਥ ਅਤੇ ਸਰੀਰਕ ਤਾਪਮਾਨ ਵਿਚ ਗਿਰਾਵਟ ਵਾਲੇ ਮਰੀਜ਼ਾਂ ਨੂੰ ਤੁਰੰਤ ਡਾਕਟਰੀ ਸਹਾਇਤਾ ਦੀ ਲੋੜ ਹੁੰਦੀ ਹੈ । ਇਨਾਂ ਦਾ ਇਲਾਜ ਮਾਹਰ ਵੈਟਰਨਰੀ ਡਾਕਟਰ ਵਲੋਂ ਇਲੈਕਟ੍ਰੋਲਾਈਟ ਸਲਿਊਸ਼ਨ ਦੀਆਂ ਬੋਤਲਾਂ, ਐਂਟੀਬਾਇਓਟਿਕਸ, ਮਿਲਕ ਆਫ ਮੈਗਨੀਸ਼ੀਆ ਅਤੇ ਹੋਰ ਲੋੜੀਂਦੀਆਂ ਦਵਾਈਆਂ ਨਾਲ ਕੀਤਾ ਜਾਂਦਾ ਹੈ । ਜ਼ਿਆਦਾ ਗੰਭੀਰ ਸਥਿਤੀ ਵਿਚ ਆਪ੍ਰੇਸ਼ਨ ਦੀ ਵੀ ਜ਼ਰੂਰਤ ਪੈ ਸਕਦੀ ਹੈ । ਇਸ ਬਿਮਾਰੀ ਦਾ ਇਲਾਜ ਲੰਬੇ ਸਮੇਂ ਤੱਕ ਚੱਲਣ ਵਾਲਾ ਅਤੇ ਖਰਚੀਲਾ ਹੁੰਦਾ ਹੈ । ਇਸ ਕਰਕੇ ਚੰਗੀ ਸਾਂਭ-ਸੰਭਾਲ, ਤੁਰੰਤ ਕਾਰਵਾਈ ਅਤੇ ਜ਼ਰੂਰੀ ਸਾਵਧਾਨੀਆਂ ਰੱਖਣਾ ਹੀ ਜ਼ਿਆਦਾ ਫਾਇਦੇਮੰਦ ਸੌਦਾ ਸਾਬਤ ਹੁੰਦਾ ਹੈ ।

**ਡਾ. ਰਮਨਦੀਪ ਸਿੰਘ ਬਰਾੜ**
**ਵੈਟਰਨਰੀ ਅਫਸਰ, ਸ੍ਰੀ ਮੁਕਤਸਰ ਸਾਹਿਬ**

# ਔਰਗੈਨਿਕ ਉਗਾਓ, ਔਰਗੈਨਿਕ ਹੀ ਖਾਓ



''ਆਓ ਕਰੀਏ ਔਰਗੈਨਿਕ ਦੀ ਗੱਲ, ਫਿਰ ਹੋਣਗੇ ਸਾਰੇ ਮਸਲੇ ਹੱਲ'' ਅੱਜੋਕੇ ਅਤੇ ਪੁਰਾਤਨ ਸਮੇਂ ਦੀ ਖੇਤੀ ਵਿਚ ਜ਼ਮੀਨ ਅਸਮਾਨ ਦਾ ਫਰਕ ਆਇਆ ਹੋਇਆ ਹੈ। ਪੁਰਾਣੇ ਸਮੇਂ ਵਿਚ ਖੇਤੀ ਜ਼ਹਿਰਾਂ ਨਹੀਂ ਹੁੰਦੀਆਂ ਸਨ ਤਾਂ ਸਾਡਾ ਸਰੀਰ ਤੰਦਰੁਸਤ ਰਹਿੰਦਾ ਸੀ ਅਤੇ ਲੰਬੀ ਉਮਰ ਭੋਗਦਾ ਸੀ। ਸਾਨੂੰ ਆਪਣੀਆਂ ਫਸਲਾਂ ਦੇ ਝਾੜ ਉੱਤੇ ਵੀ ਸੰਤੁਸ਼ਟੀ ਰਹਿੰਦੀ ਸੀ ਪਰ ਜਦੋਂ ਦੇ ਅਸੀਂ ਖੇਤੀ ਬਾੜੀ ਵਿਚ ਅੰਧਾ-ਧੁੰਦ ਜ਼ਹਿਰਾਂ ਵਰਤਣ ਲੱਗ ਪਏ ਹਾਂ ਤਾਂ ਅਸੀਂ ਹਸਪਤਾਲਾਂ ਅਤੇ ਖੇਤੀਬਾੜੀ ਵਾਲੀਆਂ ਰਸਾਇਨਿਕ ਦਵਾਈਆਂ ਵੇਚਣ ਵਾਲੀਆਂ ਕੰਪਨੀਆਂ ਦੀ ਆਮਦਨ ਦਾ ਝਾੜ ਵਧਾ ਦਿੱਤਾ ਹੈ। ਘਰਾਂ ਵਿਚ ਸਰੀਰਕ ਬਿਮਾਰੀਆਂ ਦਾ ਹੜ੍ਹ ਆ ਗਿਆ ਹੈ। ਅਸੀਂ ਜਨਮ ਤੋਂ ਬਾਅਦ ਜਿਸ ਧਰਤੀ ਮਾਂ ਦੀ ਹਿੱਕ ਉੱਤੇ ਛੋਟੇ-ਛੋਟੇ ਨਰਮ-ਨਰਮ ਪੈਰ ਰੱਖ ਕੇ ਤੁਰਨਾ ਸਿੱਖਕੇ, ਧਰਤੀ ਮਾਂ ਤੋਂ ਤਰ੍ਹਾਂ ਤਰ੍ਹਾਂ ਦੇ ਫਲ, ਸਬਜ਼ੀਆਂ, ਅਨਾਜ ਖਾ ਕੇ ਜਵਾਨ ਹੁੰਦੇ ਹਾਂ ਉਸੇ ਧਰਤੀ ਮਾਂ ਦੇ ਮੂੰਹ ਵਿਚ ਦਿਨ ਰਾਤ ਅੰਧਾ-ਧੁੰਦ ਖੇਤੀ ਜ਼ਹਿਰਾਂ ਪਾਉਣੀਆਂ ਸ਼ੁਰੂ ਕਰ ਦਿੰਦੇ ਹਾਂ ਅਤੇ ਮਨੁੱਖਤਾ ਨੂੰ ਵੀ ਭਿਆਨਕ ਬਿਮਾਰੀਆਂ ਦੇ ਮੂੰਹ ਵੱਲ ਧੱਕਣਾ ਸ਼ੁਰੂ ਕਰ ਦਿੰਦੇ ਹਾਂ। ਬਹੁਤ ਸਾਰੇ ਕਿਸਾਨ ਵੀਰ ਇੱਕ ਦੂਜੇ ਵੱਲ ਦੇਖ ਕੇ ਹੀ ਬਿਨ੍ਹਾਂ ਕਿਸੇ ਜ਼ਰੂਰਤ ਤੋਂ ਖਾਦਾਂ, ਕੀਟ ਨਾਸ਼ਕ, ਉੱਲੀ ਨਾਸ਼ਕ ਜ਼ਹਿਰਾਂ ਦਾ ਇਸਤੇਮਾਲ ਕਰ ਦਿੰਦੇ ਹਨ। ਜਿਸ ਨਾਲ ਕਿਸਾਨ ਵੀ ਕਰਜਾਈ ਹੁੰਦਾ ਹੈ ਅਤੇ ਜ਼ਹਿਰਾਂ ਦੀ ਵੱਧ ਮਾਤਰਾ ਨਾਲ ਉਪਜਾਊ ਜ਼ਮੀਨ ਨੂੰ ਵੀ ਨੁਕਸਾਨ ਹੁੰਦਾ ਹੈ। ਸੋ ਅੰਦਾਜਾ ਲਾਈਏ ਕਿ ਅਸੀਂ ਕਿੰਨੇ ਕੁ ਸਹੀ ਹਾਂ। ਸਾਨੂੰ ਫਸਲਾਂ ਵਿਚ ਤੱਤਾਂ ਦੀ ਘਾਟ ਨੂੰ ਚੈੱਕ ਕਰਨ ਲਈ ਪੱਤਾ ਚਾਰ ਦਾ ਇਸਤੇਮਾਲ ਜ਼ਰੂਰ ਕਰਨਾ ਚਾਹੀਦਾ ਹੈ।

ਅਗਰ ਅਸੀਂ ਅੰਧਾ-ਧੁੰਦ ਜ਼ਹਿਰਾਂ ਤੋਂ ਮੂੰਹ ਨਾ ਮੋੜਿਆ ਤਾਂ ਉਹ ਦਿਨ ਦੂਰ ਨਹੀਂ ਜਦੋਂ ਬਿਮਾਰੀਆਂ ਦੀ ਗਿਣਤੀ ਇੰਨੀ ਵੱਧ ਜਾਣੀ ਹੈ ਕਿ ਅਨੇਕਾਂ ਭਿਆਨਕ ਬਿਮਾਰੀਆਂ ਅੱਗੇ ਸਾਡਾ ਸਰੀਰ ਬਹੁਤ ਹੀ ਛੋਟਾ ਪੈ ਜਾਣਾ ਹੈ ਅਤੇ ਸੋਨਾ ਮੋਤੀ ਉਗਾਉਣ ਵਾਲੀ ਧਰਤੀ ਨੇ ਵੀ ਬੰਜਰ ਹੋ ਜਾਣਾ ਹੈ ਅਤੇ ਆਉਣ ਵਾਲੇ ਸਮੇਂ ਵਿਚ ਦਾਣਾ ਮੰਡੀਆਂ ਵਿਚ ਜਿਸ ਤਰ੍ਹਾਂ ਮਸ਼ੀਨੀ ਯੰਤਰ ਲਗਾ ਕੇ ਫਸਲਾਂ ਦੇ ਦਾਣਿਆਂ ਵਿਚਨਮੀਂ ਅਤੇ ਗੁਣਵੰਤਾ ਨੂੰ ਮਾਪਿਆ (ਪਰਖਿਆ) ਜਾਂਦਾ ਹੈ ਉਸੇ ਤਰ੍ਹਾਂ ਫਸਲਾਂ ਦੇ ਦਾਣਿਆਂ ਵਿਚ ਅੰਧਾ ਧੁੰਦ ਖਾਦਾਂ ਅਤੇ ਸਪ੍ਰੇਹਾਂ ਤੋਂ ਪੈਦਾ ਹੋਏ ਜ਼ਹਿਰੀਲੇ ਮਾਦੇ ਨੂੰ ਵੀ ਮਾਪਿਆ (ਪਰਖਿਆ) ਜਾਇਆ ਕਰਨਾ ਹੈ ਅਤੇ ਫਸਲਾਂ ਵਿਚ ਜਿਨ੍ਹਾਂ ਖਾਦਾਂ ਅਤੇ ਸਪ੍ਰੇਹਾਂ ਦਾ ਜ਼ਹਿਰੀਲਾ ਮਾਦਾ ਜ਼ਿਆਦਾ ਹੋਵੇਗਾ ਉਨੇ ਹੀ ਫਸਲਾਂ ਦੇ ਰੇਟ ਵੀ ਘੱਟ ਲੱਗਿਆ ਕਰਨਗੇ ਸੋ ਸਾਨੂੰ ਹੁਣ ਤੋਂ ਹੀ ਖੇਤੀ ਜ਼ਹਿਰਾਂ ਅਤੇ ਖਾਦਾਂ ਨੂੰ ਬੰਦ ਕਰਨ ਦੀ ਆਦਤ ਪਾਉਣੀ ਚਾਹੀਦੀ ਹੈ। ਹਸਪਤਾਲਾਂ ਅਤੇ ਦਵਾਈਆਂ ਦੇ ਸਟੋਰਾਂ ਵਿਚ ਲੱਗੀਆਂ ਲੰਬੀਆਂ ਲਾਈਨਾਂ ਸਾਨੂੰ ਦਿਨ ਰਾਤ ਕਰਜ਼ਾਈ ਕਰਕੇ ਸਾਡੀ ਉਮਰ ਨੂੰ ਘਟਾਉਣ ਦਾ ਅਲਾਰਮ ਵਜਾ ਰਹੀਆਂ ਹਨ। ਸਾਡਾ ਸਰੀਰ ਜ਼ਹਿਰੀਲਾ ਭੋਜਨ ਖਾ ਕੇ ਦਿਨ ਰਾਤ ਹੀ ਜ਼ਹਿਰਾਂ ਨਾਲ ਲੜ ਰਿਹਾ ਹੈ ਅਸੀਂ ਰਾਤ ਨੂੰ ਸੁੱਤੇ ਪਏ ਹੁੰਦੇ ਹਨ ਪਰ ਸਾਡਾ ਸਰੀਰ ਜ਼ਹਿਰੀਲੇ ਖਾਣੇ ਨਾਲ ਲੜ ਕੇ ਉਸਨੂੰ ਹਜ਼ਮ ਕਰ ਰਿਹਾ ਹੁੰਦਾ ਹੈ ਅਸੀਂ ਵੱਖ-ਵੱਖ ਤਰੀਕਿਆਂ ਨਾਲ ਖਾਣੇ ਰਾਹੀਂ ਆਪਣੇ ਸਰੀਰ ਵਿਚ ਜ਼ਹਿਰਾਂ ਭੇਜ ਰਹੇ ਹਾਂ ਜਿਵੇਂ ਕਿ ਦੁਧਾਰੂ ਪਸ਼ੂਆਂ ਤੋਂ ਦੁੱਧ ਰਾਹੀਂ, ਮੁਰਗੀਆਂ ਤੋਂ ਆਂਡੇ ਅਤੇ ਮੀਟ ਰਾਹੀਂ, ਸਬਜ਼ੀਆਂ ਅਤੇ ਫਲਾਂ ਆਦਿ ਰਾਹੀਂ ਕਿਉਂਕਿ ਜਾਨਵਰ, ਪਸ਼ੂ-ਪੰਛੀ ਵੀ ਖਾਦਾਂ ਅਤੇ ਰਸਾਇਣਿਕ ਸਪ੍ਰੇਹਾਂ ਵਾਲੀ ਪੈਦਾਵਾਰ ਦਾ ਹੀ ਚਾਰ ਅਤੇ ਦਾਣਾ ਖਾਂਦੇ ਹਨ। ਇਹ ਸਾਰੇ ਜ਼ਹਿਰੀਲੇ ਭੋਜਨ ਇਸਤੇਮਾਲ ਕਰਦਿਆਂ ਕਰਦਿਆਂ ਸਾਡੀ ਜ਼ਿੰਦਗੀ ਵਿਚ ਇਕ ਦਿਨ ਅਜਿਹਾ ਆਉਂਦਾ ਹੈ ਕਿ ਸਾਨੂੰ ਜ਼ਹਿਰੀਲੇ ਭੋਜਨ ਕਾਰਨ ਲਗੀਆਂ ਹੋਈਆਂ ਬਿਮਾਰੀਆਂ ਤੋਂ ਬਚਣ ਲਈ ਜਵਾਨੀ ਉਮਰ ਵਿਚ ਹੀ ਐਮਬੂਲੈਂਸ ਦਾ ਸਹਾਰਾ ਲੈਣਾ ਪੈਂਦਾ ਹੈ। ਦਿਨੋ ਦਿਨ ਵੱਧ ਰਹੀਆਂ ਭਿਆਨਕ ਬਿਮਾਰੀਆਂ ਦੇ ਕਾਰਨ ਇਲਾਜ ਗਰੀਬ ਆਦਮੀ ਦੀ ਪਹੁੰਚ ਤੋਂ ਦੂਰ ਹੋ ਗਿਆ ਹੈ। ਜੇਕਰ ਆਪਾਂ ਆਪਣੀ ਧਰਤੀ ਮਾਂ ਨੂੰ ਜ਼ਹਿਰਾਂ ਨਾ ਪਾਵਾਂਗੇ ਅਤੇ ਧਰਤੀ ਮਾਂ ਨੂੰ ਸ਼ੁੱਧ ਰੱਖਾਂਗੇ ਤਾਂ ਧਰਤੀ ਮਾਂ ਵੀ ਸਾਨੂੰ ਸ਼ੁਧ ਖਾਣਾ, ਸ਼ੁਧ ਖਾਣਾ, ਸ਼ੁੱਧ ਪੀਣਾ, ਸ਼ੁੱਧ ਹਵਾ ਅਤੇ ਸ਼ੁਧ ਵਾਤਾਵਰਣ ਦੇਵੇਗੀ ਅਤੇ ਕੈਂਸਰ, ਸ਼ੂਗਰ, ਹਾਈ ਬਲੱਡ ਪ੍ਰੈਸ਼ਰ, ਤੇਜ਼ਾਬ ਦਾ ਬਣਨਾ, ਚਮੜੀ ਦੀਆਂ ਬਿਮਾਰੀਆਂ, ਅੱਖਾਂ ਦੀਆਂ ਬਿਮਾਰੀਆਂ, ਯੂਰਿਕ ਐਸਿਡ, ਲੀਵਰ ਦੀਆਂ ਬਿਮਾਰੀਆਂ, ਪੀਲੀਆ,



ਸੁਰਜੀਤ ਸਿੰਘ ਰਾਏ
ਮੋ. 94171-27559

ਮਾਲਾ ਪੀਲੀਆ, ਦਿਲ ਅਤੇ ਸਾਹ ਦੀਆਂ ਬਿਮਾਰੀਆਂ, ਵਰਗੀਆਂ ਹੋਰ ਅਨੇਕਾਂ ਭਿਆਨਕ ਬਿਮਾਰੀਆਂ ਸਾਡੇ ਤੋਂ ਹਜ਼ਾਰਾਂ ਮੀਲ ਦੂਰ ਰਹਿਣਗੀਆਂ। ਬਠਿੰਡਾ ਤੋਂ ਰਾਜਸਥਾਨ ਦੇ ਸ਼ਹਿਰ ਬੀਕਾਨੇਰ ਨੂੰ ਇੱਕ ਟ੍ਰੇਨ ਕੈਂਸਰ ਦੇ ਮਰੀਜ਼ਾਂ ਨੂੰ ਲੈ ਕੇ ਜਾਂਦੀ ਹੈ ਜਿਸ ਟ੍ਰੇਨ ਦਾ ਨਾਮ ਹੀ ਕੈਂਸਰ ਟ੍ਰੇਨ ਪੈ ਗਿਆ ਹੈ।

ਸੋ ''ਅੰਨ ਦਾਤਿਆ ਹਿੰਮਤ ਦਿਖਾ, ਖੇਤਾਂ ਵਿਚੋਂ ਜਹਿਰਾਂ ਭਜਾ'' ਰਸਾਇਣਿਕ ਖੇਤੀ ਵਿਚ ਜੇਕਰ ਜ਼ਹਿਰਾਂ ਦੀ ਮਾਤਰਾ ਜ਼ਿਆਦਾ ਪੈ ਜਾਵੇ ਤਾਂ ਫਸਲ ਸੜ ਵੀ ਜਾਂਦੀ ਹੈ ਅਤੇ ਧਰਤੀ ਨੂੰ ਵੀ ਕੈਂਸਰ ਹੋਣ ਦਾ ਡਰ ਬਣ ਜਾਂਦਾ ਹੈ ਜਦੋਂ ਕਿ ਔਰਗੈਨਿਕ ਖੇਤੀ ਵਿਚ ਔਰਗੈਨਿਕ ਘੋਲ ਜਾਂ ਰੂੜੀ ਖਾਦ, ਹਰੀ ਖਾਦ ਦੀ ਮਾਤਰਾ ਜ਼ਿਆਦਾ ਪੈ ਜਾਵੇ ਤਾਂ ਅਜਿਹਾ ਕੁੱਝ ਵੀ ਨਹੀਂ ਹੁੰਦਾ ਅਤੇ ਇਹਨਾਂ ਖੇਤੀ ਜ਼ਹਿਰਾਂ ਦੀ ਵਜਾਹ ਨਾਲ ਦੁੱਧ ਚੁੰਘਦੇ ਬੱਚਿਆਂ ਨੂੰ ਵੀ ਭਿਆਨਕ ਬਿਮਾਰੀਆਂ ਲੱਗ ਜਾਂਦੀਆਂ ਹਨ। ਪਰ ਅਸੀਂ ਫਿਰ ਵੀ ਖੇਤੀ ਜ਼ਹਿਰਾਂ ਨੂੰ ਘੱਟ ਕਰਨ ਜਾਂ ਬਿਲਕੁੱਲ ਹੀ ਤਿਆਗਣ ਨੂੰ ਤਿਆਰ ਨਹੀਂ। ਸਾਨੂੰ ਅੱਜ ਦੀ ਰਸਾਇਣਿਕ ਖੇਤੀ ਨੂੰ ਤਿਆਗ ਕੇ ਔਰਗੈਨਿਕ ਖੇਤੀ ਨੂੰ ਜਲਦੀ ਤੋਂ ਜਲਦੀ ਅਪਣਾ ਲੈਣਾ ਚਾਹੀਦਾ ਹੈ ਤਾਂ ਕਿ ਸਾਨੂੰ ਬਿਮਾਰੀਆਂ ਤੋਂ ਤੁਰੰਤ ਛੁਟਕਾਰਾ ਮਿਲ ਸਕੇ ਅਤੇ ਸਾਡੀ ਸਿਹਤ ਤੰਦਰੁਸਤ ਰਹੇ। ਔਰਗੈਨਿਕ ਜਾਂ ਕੁਦਰਤੀ ਖੇਤੀ ਦੇ ਵਿੱਚ ਖਰਚਾ ਵੀ ਰਸਾਇਣਿਕ ਖੇਤੀ ਦੇ ਖਰਚੇ ਦੇ ਮੁਕਾਬਲੇ ਬਹੁਤ ਘੱਟ (ਨਾ ਮਾਤਰਾ) ਹੀ ਆਉਂਦਾ ਹੈ। ਔਰਗੈਨਿਕ ਫਸਲਾਂ ਵਿਚ ਬਿਮਾਰੀਆਂ ਨਾਲ ਲੜਨ ਦੀ ਸ਼ਕਤੀ ਜ਼ਿਆਦਾ ਹੁੰਦੀ ਹੈ ਜਿਸ ਕਰਕੇ ਔਰਗੈਨਿਕ ਫਸਲਾਂ ਨੂੰ ਬਿਮਾਰੀਆਂ ਵੀ ਬਹੁਤ ਹੀ ਘੱਟ ਲੱਗਦੀਆਂ ਹਨ। ਅਗਰ ਕੋਈ ਨਾ ਮਾਤਰ ਹਾਨੀਕਾਰਕ ਕੀੜਿਆਂ ਦਾ ਹਮਲਾ ਹੋ ਵੀ ਜਾਵੇ ਤਾਂ ਉਹ ਹਾਨੀਕਾਰਕ ਕੀੜਿਆਂ ਦੇ ਹਮਲੇ ਨੂੰ ਕਿਸਾਨ ਆਪਣੇ ਘਰ ਵਿਚ ਹੀ ਨਿੰਮ ਜਾਤੀ ਦੇ ਕੁੱਝ ਦਰੱਖਤ ਅਤੇ ਬੂਟਿਆਂ ਦੇ ਪੱਤਿਆਂ ਅਤੇ ਗਊ ਮੂਤਰ ਦੀ ਵਰਤੋਂ ਕਰਕੇ ਦੇਸੀ ਤਰੀਕੇ ਨਾਲ ਘੋਲ ਤਿਆਰ ਕਰਕੇ ਉਸ ਦੀ ਸਪਰੇ ਨਾਲ ਹਾਨੀਕਾਰਕ ਕੀੜਿਆਂ ਦਾ ਖਤਮਾਂ ਕਰ ਸਕਦਾ ਹੈ। ਅਗਰ ਹਾਨੀਕਾਰਕ ਕੀੜਿਆਂ ਦਾ ਹਮਲਾ ਜ਼ਿਆਦਾ ਹੁੰਦਾ ਹੈ ਤਾਂ ਘਰ ਵਿਚ ਹੀ ਤਿਆਰ ਕੀਤਾ ਹੋਇਆ ਬ੍ਰਹਮ ਅਸਤਰ ਜਾਂ ਅਗਨੀ ਅਸਤਰ ਦੇ ਘੋਲ ਦੀ ਸਪ੍ਰੇਹ ਕਰਕੇ ਕੰਟਰੋਲ ਕੀਤਾ ਜਾ ਸਕਦਾ ਹੈ।

ਅਗਰ ਕੋਈ ਵਾਇਰਸ ਨਾਮੀ ਬਿਮਾਰੀ ਵਗੈਰਾ ਆਉਂਦੀ ਹੈ ਤਾਂ ਉਥੇ ਅਸੀਂ ਕੱਚੀ ਲੱਸੀ, ਖੱਟੀ ਲੱਸੀ, ਹਲਦੀ, ਫਟਕੜੀ, ਹਿੰਗ ਆਦਿ ਚੀਜ਼ਾਂ ਦੀ ਵਰਤੋਂ ਕਰਕੇ ਉਸ ਫਸਲੀ ਬਿਮਾਰੀ ਤੋਂ ਛੁਟਕਾਰਾ ਪਾ ਸਕਦੇ ਹਾਂ। ਔਰਗੈਨਿਕ ਫਸਲਾਂ ਵਿਚ ਗੋਡੀ ਕਰਕੇ ਜਾਂ ਫਸਲਾਂ ਦੀ ਰਹਿੰਦ ਖੂੰਹਦ, ਪਰਾਲੀ ਆਦਿ ਨਾਲ ਫਸਲਾਂ ਵਿਚ ਮਲਚਿੰਗ ਕਰਕੇ ਨਦੀਨ ਦੀ ਰੋਕਥਾਮ ਕੀਤੀ ਜਾ ਸਕਦੀ ਹੈ ਅਤੇ ਮਲਚਿੰਗ ਕੀਤੀ ਫਸਲ ਨੂੰ ਪੰਜਾਹ ਪ੍ਰਤੀਸ਼ਤ ਪਾਣੀ ਵੀ ਘੱਟ ਲਗਦਾ ਹੈ। ਜਿਸ ਕਰਕੇ ਪਾਣੀ, ਬਿਜਲੀ ਅਤੇ ਡੀਜ਼ਲ ਵਗੈਰਾ ਦੀ ਕਾਫੀ ਬੱਚਤ ਹੁੰਦੀ ਹੈ ਜਿਸ ਨਾਲ ਕਿਸਾਨ ਵੀ ਖੁਸ਼ਹਾਲ ਹੁੰਦਾ ਹੈ ਅਤੇ ਸਮਾਜ ਨੂੰ ਵੀ ਜ਼ਹਿਰ ਮੁਕਤ ਸ਼ੁੱਧ ਖਾਣ ਪੀਣ ਨੂੰ ਮਿਲ ਜਾਂਦਾ ਹੈ। ਅਤੇ ਸਮਾਜ ਦੀ ਸਰੀਰਕ ਬਿਮਾਰੀਆਂ ਤੋਂ ਦੂਰੀ ਬਣੀ ਰਹਿੰਦੀ ਹੈ। ਰਸਾਇਣਿਕ ਖੇਤੀ ਤੋਂ ਪੂਰੀ ਤਰ੍ਹਾਂ ਜੈਵਿਕ ਖੇਤੀ ਵਿਚ ਤਬਦੀਲ ਹੋਣ ਲਈ ਘੱਟੋ ਘੱਟ ਤਿੰਨ ਸਾਲ ਦਾ ਸਮਾਂ ਚਾਹੀਦਾ ਹੈ ਅਤੇ ਇਸ ਸਮੇਂ ਦੌਰਾਨ ਔਰਗੈਨਿਕ ਤਕਨੀਕਾਂ ਦੀ ਵਰਤੋਂ ਵੱਧ ਤੋਂ ਵੱਧ ਕਰਨੀ ਚਾਹੀਦੀ ਹੈ। ਔਰਗੈਨਿਕ ਖੇਤਾਂ ਦੇ ਨਾਲ ਲੱਗਦੇ ਰਸਾਇਣਿਕ ਖੇਤਾਂ ਵਿਚ ਸਪ੍ਰੇਹਾਂ ਕਰਨ ਵਾਲੇ ਗੁਆਂਢੀ ਕਿਸਾਨ ਵੀਰ ਦੀਆਂ ਰਸਾਇਣਿਕ ਸਪ੍ਰੇਹਾਂ ਤੋਂ ਬਚਾਓ ਲਈ ਆਪਣੇ ਔਰਗੈਨਿਕ ਖੇਤਾਂ ਦੇ ਦੁਆਲੇ ਬਫਰ ਜੋਨ (ਰੁਕਾਵਟ) ਦਾ ਹੋਣਾ ਬਹੁਤ ਜ਼ਰੂਰੀ ਹੈ ਤਾਂ ਕਿ ਰਸਾਇਣਿਕ ਖੇਤੀ ਕਰਨ ਵਾਲੇ ਗੁਆਂਢੀ ਕਿਸਾਨ ਵੀਰ ਦੀ ਰਸਾਇਣਿਕ ਸਪ੍ਰੇਹ ਔਰਗੈਨਿਕ ਫਸਲ ਉੱਤੇ ਨਾ ਪਵੇ ਅਤੇ ਔਰਗੈਨਿਕ ਖੇਤੀ ਵਾਲਾ ਖੇਤ ਆਸ ਪਾਸ ਦੇ ਖੇਤਾਂ ਨਾਲੋਂ ਉੱਚਾ ਹੋਣਾ ਚਾਹੀਦਾ ਤਾਂ ਕਿ ਰਸਾਇਣਿਕ ਖੇਤੀ ਵਾਲੇ ਖੇਤਾਂ ਦਾ ਪਾਣੀ ਔਰਗੈਨਿਕ ਖੇਤੀ ਵਾਲੇ ਖੇਤ ਵਿਚ ਨਾ ਆ ਸਕੇ। ਔਰਗੈਨਿਕ ਖੇਤੀ ਲਈ ਬੀਜ ਔਰਗੈਨਿਕ ਉਪਜ ਤੋਂ ਹੀ ਲੈਣਾ ਚਾਹੀਦਾ ਹੈ। ਬੀਜ ਨੂੰ ਰਸਾਇਣਕ ਤਰੀਕੇ ਨਾਲ ਨਹੀਂ ਸੋਧਣਾ ਚਾਹੀਦਾ ਸਗੋਂ ਔਰਗੈਨਿਕ ਤਰੀਕੇ ਨਾਲ ਬੀਜ ਅੰਮ੍ਰਿਤ ਨਾਲ ਬੀਜ ਨੂੰ ਸੋਧਣਾ ਚਾਹੀਦਾ ਹੈ।

ਮਟਰ, ਮੂੰਗੀ, ਅਰਹਰ, ਸੋਇਆਬੀਨ, ਬਰਸੀਮ, ਲੂਸਣ ਆਦਿ ਬੀਜਾਂ ਨੂੰ ਰਾਇਜੋਬੀਅਮ ਲਗਾ ਕੇ ਬੀਜੋ। ਗਰਮ ਰੁੱਤ ਦੀ ਮੂੰਗੀ, ਛੋਲੇ ਅਤੇ ਮਸਰ, ਆਦਿ ਬੀਜਾਂ ਨੂੰ ਵੀ ਰਾਇਜੋਬੀਅਮ ਲਗਾ ਕੇ ਬੀਜੋ। ਝੋਨੇ ਨੂੰ ਐਜ਼ੋਰਾਇਜੋਬੀਅਮ ਲਗਾ ਕੇ ਬੀਜੋ। ਗੰਨਾ, ਮੱਕੀ, ਕਣਕ, ਹਲਦੀ, ਆਲੂ, ਪਿਆਜ ਆਦਿ ਫਸਲਾਂ ਨੂੰ ਕੰਨਸ਼ੋਰਸ਼ੀਅਮ ਲਗਾ ਕੇ ਬੀਜੋ। ਔਰਗੈਨਿਕ ਖੇਤੀ ਵਿਚ ਰਸਾਇਣਿਕ ਖਾਦਾਂ, ਨਦੀਨਨਾਸ਼ਕਾਂ, ਉਲੀਨਾਸ਼ਕਾਂ ਦੀ ਵਰਤੋਂ ਬਿਲਕੁਲ ਨਹੀਂ ਕਰਨੀ ਚਾਹੀਦੀ। ਔਰਗੈਨਿਕ ਜ਼ਮੀਨ ਦੀ ਉਪਜਾਊ ਸ਼ਕਤੀ ਵਧਾਉਣ ਅਤੇ ਔਰਗੈਨਿਕ ਫਸਲਾਂ ਨੂੰ





ਲੋੜੀਂਦੇ ਖੁਰਾਕੀ ਤੱਤਾਂ ਦੀ ਪੂਰਤੀ ਲਈ ਫਸਲੀ ਚੱਕਰਾਂ, ਫਸਲਾਂ ਦੀ ਰਹਿੰਦ-ਖੂੰਹਦ, ਦੇਸੀ ਰੂੜੀ, ਗਾੜ੍ਹਾ ਜੀਵ ਅੰਮ੍ਰਿਤ, ਕੰਪੋਸਟ, ਫਲੀਦਾਰ ਫਸਲਾਂ ਦੀ ਹਰੀ ਖਾਦ, ਗੰਡੋਆ ਖਾਦ, ਬਾਇਓਗੈਸ ਸਲਰੀ ਦੀ ਵਰਤੋਂ ਕਰੋ। ਔਰਗੈਨਿਕ ਤਰੀਕੇ ਨਾਲ ਬੀਜੀਆਂ ਫਸਲਾਂ ਦੀਆਂ ਬਿਮਾਰੀਆਂ ਅਤੇ ਕੀਟ ਪ੍ਰਬੰਧ ਲਈ ਬਾਇਓ ਕੀਟਨਾਸ਼ਕਾਂ ਅਤੇ ਬਾਇਓ ਉੱਲੀਨਾਸ਼ਕਾਂ ਆਦਿ ਦਾ ਪ੍ਰਯੋਗ ਕਰਨਾ ਚਾਹੀਦਾ ਹੈ। ਔਰਗੈਨਿਕ ਖੇਤੀ ਵਾਲੀ ਜ਼ਮੀਨ ਵਿਚ ਔਰਗੈਨਿਕ ਕਾਰਬਨ ਦੀ ਮਾਤਰਾ ਅਤੇ ਸੂਖਮ ਜੀਵਾਂ ਦੀ ਗਿਣਤੀ ਵਧੇਰੇ ਹੁੰਦੀ ਹੈ ਜਿਸ ਕਰਕੇ ਖੇਤ ਵਿਚ ਪਾਇਆ ਹੋਇਆ ਬੀਜ ਛੇਤੀ ਐ ਸਾਰੇ ਦਾ ਸਾਰਾ ਜੰਮ ਪੈਂਦਾ ਹੈ। ਫਸਲ ਪੱਕਣ ਵਿਚ ਵੀ ਘੱਟ ਸਮਾਂ ਲੱਗਦਾ ਹੈ ਅਤੇ ਝਾੜ ਵੀ ਵਧੀਆ ਮਿਲਦਾ ਹੈ। ਫਸਲਾਂ ਦੀ ਰਹਿੰਦ-ਖੂੰਹਦ, ਪਰਾਲੀ ਆਦਿ ਨੂੰ ਅੱਗ ਲਾਉਣ ਦੀ ਬਜਾਏ ਉਸਨੂੰ ਵਾਹ ਕੇ ਜ਼ਮੀਨ ਵਿਚ ਹੀ ਮਿਲਾ ਦਿਓ ਤਾਂ ਕਿ ਜ਼ਮੀਨ ਦੀ ਉਪਜਾਊ ਸ਼ਕਤੀ ਬਰਕਰਾਰ ਰਹੇ। ਫਸਲ ਨੂੰ ਪਾਣੀ ਲਾਉਣ ਸਮੇਂ

ਬਾਕੀ ਸਫਾ 12 'ਤੇ



# ਸੌ ਬਿਮਾਰੀਆਂ ਦਾ ਇਲਾਜ ਹਲਦੀ



ਹਲਦੀ ਭਾਰਤੀ ਮੂਲ ਦਾ ਪੌਦਾ ਮੰਨਿਆ ਜਾਂਦਾ ਹੈ ਅਤੇ ਇਹ ਅਦਰਕ ਦੀ ਪ੍ਰਜਾਤੀ ਦਾ ਲਗਭਗ ਤਿੰਨ ਫੁੱਟ ਦਾ ਬੂਟਾ ਹੈ ਜਿਸ ਦੀਆਂ ਜੜ੍ਹਾਂ ਤੋਂ ਹਲਦੀ ਬਣਾਈ ਜਾਂਦੀ ਹੈ । ਹਜ਼ਾਰਾਂ ਸਾਲਾਂ ਤੋਂ ਹਲਦੀ ਇਕ ਮਸਾਲੇ ਅਤੇ ਚਿਕਿਤਸਕ ਪੌਦੇ ਦੇ ਤੌਰ 'ਤੇ ਭਾਰਤ ਅਤੇ ਚੀਨ ਵਿੱਚ ਵਰਤੀ ਜਾਂਦੀ ਰਹੀ ਹੈ, ਹੁਣ ਵਿਗਿਆਨ ਨੇ ਵੀ ਸਿੱਧ ਕਰ ਦਿੱਤਾ ਹੈ ਕਿ ਹਲਦੀ ਵਿੱਚ ਪਾਇਆ ਜਾਣ ਵਾਲਾ ਕੁਰਕੁਮਿਨ (curcumin) ਬਹੁਤ ਲਾਭਕਾਰੀ ਹੈ, ਇਹ ਇਕ ਕੁਦਰਤੀ ਐਂਟੀਬਾਇਓਟਿਕ ਹੈ ਜੋ ਮਨੁੱਖੀ ਸਰੀਰ ਦੀ ਬਿਮਾਰੀਆਂ ਨਾਲ ਲੜਨ ਦੀ ਤਾਕਤ ਵਧਾਉਂਦਾ ਹੈ ਅਤੇ ਕਈਂ ਬਿਮਾਰੀਆਂ ਹੋਣ ਹੀ ਨਹੀਂ ਦਿੰਦਾ । ਜਿੰਨੀ ਜ਼ਿਆਦਾ ਮਾਤਰਾ ਵਿੱਚ ਕੁਰਕੁਮਿਨ ਹੋਏਗਾ, ਹਲਦੀ ਓਨੀ ਹੀ ਜ਼ਿਆਦਾ ਅਸਰਦਾਰ ਅਤੇ ਵਧੀਆ ਮੰਨੀ ਜਾਂਦੀ ਹੈ । ਭਾਰਤ ਵਿਭਿੰਨਤਾਵਾਂ ਭਰਿਆ ਦੇਸ਼ ਹੈ ਭਾਵੇਂ ਉਹ ਫਸਲੀ ਹੋਣ, ਪੌਦੇ, ਜਾਨਵਰ ਤੇ ਜਾਂ ਫਿਰ ਮੌਸਮ, ਪੌਣ-ਪਾਣੀ ਹੋਵੇ । ਭਾਰਤ ਵਿੱਚ ਆਂਧਰਾ ਪ੍ਰਦੇਸ਼ ਤਾਮਿਲਨਾਡੂ, ਉੜੀਸਾ, ਆਸਾਮ, ਬੰਗਾਲ ਵਿਖੇ ਵੱਡੇ ਪੱਧਰ 'ਤੇ ਹਲਦੀ ਦੀ ਖੇਤੀ ਕੀਤੀ ਜਾਂਦੀ ਹੈ । ਇਸ ਦੀਆਂ ਕਈ ਕਿਸਮਾਂ ਹਨ ਜਿਵੇਂ ਕਿ ਅੰਬਾ ਹਲਦੀ, ਜੰਗਲੀ ਹਲਦੀ, ਕਸਤੂਰੀ ਹਲਦੀ, ਮਦਰਾਸ ਹਲਦੀ, ਐਲਿਪੀ ਹਲਦੀ ਆਦਿ । ਜਿਸ ਤਰ੍ਹਾਂ ਪਾਲਕ ਵਿੱਚ ਲੋਹਾ ਹੁੰਦਾ ਹੈ, ਨਿੰਬੂ ਵਿੱਚ ਵਿਟਾਮਿਨ-ਸੀ ਉਸੇ ਤਰ੍ਹਾਂ ਹਲਦੀ ਦੀਆਂ ਜੜ੍ਹਾਂ ਜੋ ਕਿ ਅਦਰਕ ਵਰਗੀਆਂ ਹੁੰਦੀਆਂ ਹਨ, ਵਿੱਚ ਕੁਰਕੁਮਿਨ ਪਾਇਆ ਜਾਂਦਾ ਹੈ । ਕੇਰਲ ਅਤੇ ਗੋਆ ਵਿਖੇ ਹਲਦੀ ਦੇ ਪੱਤਿਆਂ ਦਾ ਆਚਾਰ ਬਣਾਇਆ ਜਾਂਦਾ ਹੈ ਜਾਂ ਸਬਜ਼ੀ ਦੀ ਤਰ੍ਹਾਂ ਵਰਤੋਂ ਕੀਤੀ ਜਾਂਦੀ ਹੈ ਜੋ ਕਿ ਬਹੁਤ ਲਾਭਕਾਰੀ ਹੁੰਦੇ ਹਨ । ਉਹ ਲੋਕ ਹਲਦੀ ਦੇ ਪੱਤਿਆਂ ਦੀ ਪੇਸਟ ਦੀ ਵਰਤੋਂ ਮੀਟ, ਚਿਕਨ ਵਗੈਰਾ ਵਿੱਚ ਵੀ ਕਰਦੇ ਹਨ ਕਿਉਂਕਿ ਇਨ੍ਹਾਂ ਵਿੱਚ ਵੀ ਕੁਰਕੁਮਿਨ ਹੁੰਦਾ ਹੈ ।

ਮੇਘਾਲਿਆ ਦੇ ਪੱਛਮ ਵਿੱਚ ਜੈਂਤੀਆਂ ਪਹਾੜਾਂ ਦੀ ਲੜੀ ਹੈ । ਉਂਜ ਇਕ ਨਿੱਕਾ ਜਿਹਾ 390 ਸਕੁਏਅਰ ਕਿਲੋਮੀਟਰ ਜਾਂ 20×20 ਕਿ.ਮੀ. ਕਬਾਇਲੀਆਂ ਦਾ ਇਲਾਕਾ ਹੈ ਜਿਸ ਨੂੰ ਲਕਾਡਾਂਗ ਕਹਿੰਦੇ ਹਨ । ਇਸ ਛੋਟੇ ਜਿਹੇ ਇਲਾਕੇ ਦੀਆਂ ਪਹਾੜੀਆਂ ਦੀ ਮਿੱਟੀ, ਪੌਣ-ਪਾਣੀ, ਪਾਣੀ ਵਿੱਚ ਨਮੀਂ ਦੀ ਮਾਤਰਾ, ਇਸ ਨੂੰ ਦੁਨੀਆਂ ਦੀ ਸਭ ਤੋਂ ਬਿਹਤਰੀਨ ਹਲਦੀ ਉਗਾਉਣ ਵਿੱਚ ਮਦਦ ਕਰਦੇ ਹਨ । ਇੱਥੋਂ ਦੀ ਮਿੱਟੀ ਵਿੱਚ ਉੱਗੀ ਹਲਦੀ ਵਿਚ ਕੁਰਕੁਮਿਨ ਨਾਂਅ ਦਾ ਤੱਤ 7 ਤੋਂ 12 ਫੀਸਦੀ ਹੁੰਦਾ ਹੈ ਜੋ ਕਿ ਆਮ ਹਲਦੀ ਨਾਲੋਂ ਤਿੰਨ ਗੁਣਾ ਵੱਧ ਹੁੰਦਾ ਹੈ । ਇਸੇ ਤੱਤ ਕਾਰਨ ਦੀ ਹਲਦੀ ਦਾ ਰੰਗ ਗੂੜ੍ਹਾ ਪੀਲਾ ਜਾਂ ਸੰਤਰੀ ਹੁੰਦਾ ਹੈ ਤੇ ਹਲਦੀ ਦੇ ਸਾਰੇ ਗੁਣ ਇਸੇ ਤੱਤ ਕਰਕੇ ਹਨ । ਅਸੀਂ ਭਾਰਤੀ ਲੋਕ ਸਵੇਰੇ-ਸ਼ਾਮ ਹਮੇਸ਼ਾ ਖਾਣੇ ਵਿੱਚ ਹਲਦੀ ਦੀ ਵਰਤੋਂ ਕਰਦੇ ਹਾਂ ਇਸ ਲਈ ਸਾਡੇ ਲਈ ਤਿੰਨ ਤੋਂ ਪੰਜ ਫੀਸਦੀ ਕੁਰਕੁਮਿਨ ਤੱਤ ਵਾਲੀ ਹਲਦੀ ਵੀ ਠੀਕ ਹੈ । ਹਲਦੀ ਭਾਰਤੀ ਖਾਣੇ ਦੇ ਸਵਾਦ ਅਤੇ ਜ਼ਾਇਕੇ ਵਿੱਚ ਵਾਧਾ ਕਰਦੀ ਹੈ । ਇਕ ਵੇਰਾਂ ਜਦੋਂ ਅਸੀਂ ਮਨੀਪੁਰ ਹੁੰਦੇ ਸੀ ਤਾਂ ਬਾਜ਼ਾਰੋਂ ਬਹੁਤ ਜ਼ਿਆਦਾ ਗੂੜ੍ਹੇ ਰੰਗ ਦੀ, ਤਿੱਖੀ ਸੁਗੰਧ ਵਾਲੀ ਹਲਦੀ ਆਈ, ਜਿਸ ਦਾ ਸੁਆਦ ਵੀ ਥੋੜਾਂ ਅਲੱਗ ਸੀ । ਖਾਣੇ ਵਿੱਚ ਘੱਟ ਪਾਉਣੀ ਪੈਂਦੀ ਸੀ, ਕੀ ਪਤਾ ਸ਼ਾਇਦ ਲਾਕਡਾਂਗ ਹਲਦੀ ਹੋਵੇ । ਜੈਂਤੀਆ ਭਾਸ਼ਾ ਵਿੱਚ ਹਲਦੀ ਨੂੰ ਸੁਨਹਿਰੀ ਮਿੱਟੀ ਜਾਂ ਚਿਰਮਿਤ ਕਹਿੰਦੇ ਹਨ ।

ਆਯੁਰਵੇਦ ਅਨੁਸਾਰ ਦੁੱਧ ਵਿੱਚ ਹਲਦੀ ਮਿਲਾ ਕੇ ਪੀਣ ਨਾਲ ਹੱਡੀਆਂ ਵੀ ਮਜ਼ਬੂਤ ਹੁੰਦੀਆਂ ਹਨ ਕਿਉਂਕਿ ਦੁੱਧ ਵਿੱਚ ਮੌਜੂਦ ਕੈਲਸ਼ੀਅਮ ਹੱਡੀਆਂ ਨੂੰ ਮਜ਼ਬੂਤ ਕਰਦਾ ਹੈ । ਇਸ ਤੋਂ ਇਲਾਵਾ ਸਰੀਰ ਸੁਡੌਲ ਬਣਦਾ ਹੈ ਅਤੇ ਸਰਦੀ ਜ਼ੁਕਾਮ ਠੀਕ ਹੁੰਦਾ ਹੈ । ਫੇਫੜੇ ਵਿੱਚ ਜਮ੍ਹਾਂ ਕਫ ਬਾਹਰ ਨਿਕਲ ਜਾਂਦਾ ਹੈ । ਸਰੀਰ ਵਿੱਚ ਜਮ੍ਹਾ ਫਾਲਤੂ ਚਰਬੀ ਘਟਦੀ ਹੈ । ਸਾਡਾ ਖੂਨ ਸਾਫ ਕਰਨ ਵਿੱਚ ਹਲਦੀ ਦੀ ਮੁੱਖ ਭੂਮਿਕਾ ਹੈ । ਹਲਦੀ ਖੂਨ ਵੀ ਪਤਲਾ ਕਰਦੀ ਹੈ । ਇਸ ਲਈ ਜੇ ਕੋਈ ਖੂਨ ਪਤਲਾ ਕਰਨ ਦੀ ਦਵਾਈ ਖਾਂਦਾ ਹੈ ਇਸ ਦੀ ਵਰਤੋਂ ਧਿਆਨ ਨਾਲ ਹੀ ਕਰੇ ਡਾਕਟਰ ਤੋਂ ਪੁੱਛ ਲਿਆ ਜਾਵੇ । ਨਾਰਮਲ ਖਾਣੇ ਵਿੱਚ ਠੀਕ ਹੈ । ਇਹ ਪਾਚਨ ਕਿਰਿਆ ਅਤੇ ਸਰੀਰਕ ਸ਼ਕਤੀ ਜਾਂ ਇਮਿਊਨਿਟੀ ਕਹਿ ਲਓ, ਵਧਾਉਂਦੀ ਹੈ । ਇਸ ਤੋਂ ਇਲਾਵਾ ਸਰੀਰ ਦੇ ਜਲੇ ਹੋਏ ਹਿੱਸੇ 'ਤੇ ਹਲਦੀ ਲਗਾਉਣ ਨਾਲ ਆਰਾਮ ਮਿਲਦਾ ਹੈ ।

ਹਲਦੀ ਇਕ ਤਾਕਤਵਰ ਰੋਗਾਣੂ-ਨਾਸ਼ਕ ਅਤੇ ਸਰੀਰ ਵਿੱਚ ਸੋਜ਼ਿਸ਼ ਨੂੰ ਘਟਾਉਣ ਵਾਲੀ ਹੁੰਦੀ ਹੈ । ਐਂਟੀਆਕਸੀਡੈਂਟ ਇਕ ਅਜਿਹਾ ਪਦਾਰਥ ਹੁੰਦਾ ਹੈ ਜੋ ਕਿ ਸਰੀਰ ਵਿੱਚ ਖਾਣੇ ਦੀ ਟੁੱਟ-ਭੱਜ ਨਾਲ ਪੈਦਾ ਹੋਏ ਹਾਨੀਕਾਰਕ ਅਣੂਆਂ ਨੂੰ ਬਾਹਰ ਕੱਢਣ ਵਿੱਚ ਮਦਦ ਕਰਦਾ ਹੈ । ਹਲਦੀ ਵਿੱਚ ਪਾਇਆ ਜਾਣ ਵਾਲਾ ਕੁਰਕੁਮਿਨ ਇਕ ਤਾਕਤਵਰ ਐਂਟੀਆਕਸੀਡੈਂਟ ਹੈ । ਇਸ ਦੀ ਰਸਾਇਣਿਕ ਬਣਤਰ ਕੁਝ ਇਸ ਤਰ੍ਹਾਂ ਦੀ ਹੈ ਕਿ ਇਹ ਫ੍ਰੀ ਰੈਡੀਕਲਸ ਜੋ ਕਿ ਮਨੁੱਖੀ ਸਰੀਰ ਨੂੰ ਬੁਢਾਪੇ ਵੱਲ ਲਿਜਾਂਦੇ ਹਨ, ਨੂੰ ਖਤਮ ਕਰਦਾ ਹੈ । ਕੁਰਕੁਮਿਨ ਮਨੁੱਖ ਦੀ ਦਿਮਾਗੀ ਸਿਹਤ ਲਈ ਵੀ ਜ਼ਰੂਰੀ ਹੈ । ਇਹ ਸਾਡੇ ਵਿੱਚ ਡਿਪਰੈਸ਼ਨ ਅਤੇ ਅਲਜ਼ਮੇਰ ਵਰਗੇ ਰੋਗਾਂ ਨਾਲ ਲੜਨ ਦੀ ਸ਼ਕਤੀ ਪ੍ਰਦਾਨ ਕਰਦਾ ਹੈ । ਮਨੁੱਖੀ ਦਿਮਾਗ ਵਿੱਚ BDNF (brain derived neurotropic factor) ਨਾਂਅ ਦਾ ਹਾਰਮੋਨ ਹੁੰਦਾ ਹੈ, ਜਿਸ ਦੀ ਕਮੀਂ ਕਾਰਨ ਡਿਪਰੈਸ਼ਨ ਵਰਗੀਆਂ ਬਿਮਾਰੀਆਂ ਹੁੰਦੀਆਂ ਹਨ । ਹਲਦੀ ਵਿਚਲਾ ਕੁਰਕੁਮੀਨ ਤੱਤ ਹਾਰਮੋਨ ਦੀ ਮਾਤਰਾ ਨੂੰ ਬਰਕਰਾਰ ਰੱਖਦਾ ਹੈ ਜੋ ਕਿ ਨਵੇਂ ਨਿਯੂਰਾਨ ਬਣਾਉਣ ਦੇ ਕੰਮ ਆਉਂਦਾ ਹੈ ਅਤੇ ਦਿਮਾਗ ਨੂੰ ਤੰਦਰੁਸਤੀ ਦਿੰਦਾ ਹੈ ।

**ਰਿਪਨਜੋਤ ਕੌਰ ਸੋਨੀ ਬੱਗਾ,**
**ਮੋ. 98787-53423**

ਬਾਕੀ ਸਫਾ 11 ਦੀ

# ਔਰਗੈਨਿਕ ਉਗਾਓ, ਔਰਗੈਨਿਕ ਹੀ ਖਾਓ

ਜੀਵ ਅੰਮ੍ਰਿਤ ਦਾ ਇਸਤੇਮਾਲ ਜ਼ਰੂਰ ਕਰੋ । ਅਗਰ ਫਸਲ ਨੂੰ ਪਾਣੀ ਦੀ ਜ਼ਰੂਰਤ ਨਹੀਂ ਤਾਂ ਜੀਵ ਅੰਮ੍ਰਿਤ ਦੀ ਸਪਰੇ ਵੀ ਕਰ ਸਕਦੇ ਹਾਂ । ਦਰੱਖਤਾਂ ਦੇ ਪੱਤੇ, ਘਾਹ ਫੂਸ, ਰਸੋਈ ਦੀ ਵਰਤੋਂ ਵਿਚ ਆਉਣ ਵਾਲੀਆਂ ਚੀਜਾਂ ਦੀ ਵੇਸਟ ਤੋਂ ਵੀ ਕੰਪੋਸਟ ਖਾਦ (ਦੇਸੀ ਖਾਦ) ਤਿਆਰ ਕਰਕੇ ਫਸਲਾਂ ਵਿਚ ਵਰਤ ਸਕਦੇ ਹਾਂ । ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਉਣ ਨਾਲ ਅਤੇ ਰਸਾਇਣਿਕ ਖਾਦਾਂ ਅਤੇ ਰਸਾਇਣਿਕ ਸਪਰੇਆਂ ਬੰਦ ਕਰਨ ਨਾਲ ਜ਼ਮੀਨ ਵਿਚ ਔਰਗੈਨਿਕ ਕਾਰਬਨ, ਸੂਖਮ ਜੀਵਾਂ ਅਤੇ ਫਸਲਾਂ ਦੇ ਮਾਸਾਹਾਰੀ ਕੀੜਿਆਂ (ਮਿੱਤਰ ਕੀੜਿਆਂ) ਦੀ ਗਿਣਤੀ ਵਿੱਚ ਕਾਫੀ ਵਾਧਾ ਹੁੰਦਾ ਹੈ ਜੋ ਕਿ ਕਿਸਾਨ ਵੀਰਾਂ ਲਈ ਬਹੁਤ ਹੀ ਲਾਹੇਵੰਦ ਕੰਮ ਹੁੰਦਾ ਹੈ । ਰਸਾਇਣਿਕ ਖੇਤੀ ਵਿਚ ਜ਼ਹਿਰੀਲੀਆਂ ਸਪ੍ਰੇਹਾਂ ਅਤੇ ਖਾਦਾਂ ਦੇ ਅੰਧਾ ਧੁੰਦ ਪ੍ਰਯੋਗ ਨਾਲ ਗੰਡੋਆ ਵੀ ਕਾਫੀ ਮਾਤਰਾ ਵਿਚ ਖੇਤਾਂ ਵਿਚੋਂ ਖਤਮ ਹੋ ਗਿਆ ਹੈ । ਕਿਉਂਕਿ ਗੰਡੋਆਂ ਰਸਾਇਣਿਕ ਖਾਦਾਂ ਅਤੇ ਸਪ੍ਰੇਹਾਂ ਨਾਲ ਮਰ ਜਾਂਦਾ ਹੈ ਗੋਬਰ (ਦੇਸੀ ਰੂੜੀ) ਨਾਲ ਇਸਦੀ ਗਿਣਤੀ ਵਿਚ ਬਹੁਤ ਜ਼ਿਆਦਾ ਵਾਧਾ ਹੁੰਦਾ ਹੈ ਅਤੇ ਗੰਡੋਆ ਜ਼ਮੀਨ ਦਾ ਔਰਗੈਨਿਕ ਮਾਦਾ ਵੀ ਵਧਾਉਂਦਾ ਹੈ । ਔਰਗੈਨਿਕ ਖੇਤੀ ਵਿਚ ਗੰਡੋਆ ਕਿਸਾਨ ਦਾ ਸੱਭ ਤੋਂ ਵੱਧ ਸਹਿਯੋਗੀ ਮਿੱਤਰ ਹੈ । ਗੰਡੋਆ ਜ਼ਮੀਨ ਨੂੰ ਨਰਮ ਰੱਖਣ ਵਿਚ ਬਹੁਤ ਮਦਦ ਕਰਦਾ ਹੈ । ਗੰਡੋਏ ਨੂੰ ਅਸੀਂ ਰੱਬ ਦਾ ਟ੍ਰੈਕਟਰ ਵੀ ਕਹਿ ਸਕਦੇ ਹਾਂ ਕਿਉਂਕਿ ਇਸ ਦਾ ਡੀਜ਼ਲ ਤੇਲ ਅਤੇ ਰਿਪੇਅਰ ਦਾ ਕੋਈ ਖਰਚਾ ਨਹੀਂ ਹੈ । ਬਹੁਤ ਸਾਰੇ ਲੋਕ ਕਹਿੰਦੇ ਹਨ ਕਿ ਖੇਤੀਬਾੜੀ ਵਾਲੀ ਜ਼ਮੀਨ ਰਸਾਇਣਿਕ ਖਾਦਾਂ ਅਤੇ ਜ਼ਹਿਰੀਲੀਆਂ ਸਪਰੇਆਂ ਉੱਤੇ ਲੱਗ ਗਈ ਹੈ ਜੋ ਕਿ ਬਿਲਕੁਲ ਗਲਤ ਧਾਰਨਾ ਬਣੀ ਹੋਈ ਹੈ । ਔਰਗੈਨਿਕ ਖੇਤੀ ਵਿਚ ਕਣਕ, ਝੋਨਾ, ਬਾਸਮਤੀ, ਗੰਨਾ, ਦਾਲਾਂ, ਸਬਜ਼ੀਆਂ, ਮੱਕੀ, ਚਰੀ, ਬਾਜਰਾ, ਬਰਸੀਮ ਆਦਿ ਸਾਰੀਆਂ ਫਸਲਾਂ ਰਸਾਇਣਿਕ ਖਾਦਾਂ ਅਤੇ ਜ਼ਹਿਰੀਲੀਆਂ ਸਪਰੇਆਂ ਤੋਂ ਬਿਨਾਂ ਔਰਗੈਨਿਕ ਤਰੀਕੇ ਨਾਲ ਹੋ ਜਾਂਦੀਆਂ ਹਨ । ਮੱਕੀ, ਗੰਨਾ, ਹਲਦੀ ਆਦਿ ਫਸਲਾਂ ਵਿਚ ਫਲੀਦਾਰ ਫਸਲਾਂ ਜਿਵੇਂ ਕਿ ਮੂੰਗੀ, ਮਾਂਹ, ਮਸਰ, ਲੋਬੀਆ ਆਦਿ ਜ਼ਰੂਰ ਬੀਜਣੇ ਚਾਹੀਦੇ ਹਨ । ਫਲੀਦਾਰ ਫਸਲਾਂ ਬੀਜਣ ਨਾਲ ਜ਼ਮੀਨ ਨੂੰ ਔਰਗੈਨਿਕ ਤਰੀਕੇ ਨਾਲ ਨਾਈਟ੍ਰੋਜਨ ਤੱਤ ਮਿਲਦਾ ਹੈ ਅਤੇ ਫਸਲ ਦਾ ਝਾੜ ਵਧੇਰੇ ਹੁੰਦਾ ਹੈ ਜਿਸ ਨਾਲ ਕਿਸਾਨ ਦੀ ਆਮਦਨ ਵਿਚ ਕਾਫੀ ਵਾਧਾ ਹੁੰਦਾ ਹੈ । ਵੱਧ ਰਹੀਆਂ ਭਿਆਨਕ ਬਿਮਾਰੀਆਂ ਨੂੰ ਦੇਖਦੇ ਹੋਏ ਭਾਰਤ ਦੇ ਕਈ ਰਾਜਾਂ ਦੇ ਬਹੁਤ ਸਾਰੇ ਕਿਸਾਨਾਂ ਨੇ ਕਾਫੀ ਹੱਦ ਤੱਕ ਔਰਗੈਨਿਕ ਖੇਤੀ ਨੂੰ ਅਪਨਾ ਲਿਆ ਹੈ ।

ਗੁਜਰਾਤ ਸਟੇਟ ਵਿਚ ਇੱਕ ਜ਼ਿਲ੍ਹੇ ਦਾ ਨਾਮ ਹੈ ਡਾਂਗ ਅਤੇ ਉਸ ਸਾਰੇ ਜ਼ਿਲ੍ਹੇ ਵਿਚ ਔਰਗੈਨਿਕ ਖੇਤੀ ਹੁੰਦੀ ਹੈ ਅਤੇ ਗੁਜਰਾਤ ਦੇ ਉਸ ਜਿਲੇ ਨੂੰ ਜ਼ਹਿਰ ਮੁਕਤ ਖੇਤੀ ਵਾਲਾ ਜਿਲਾ ਘੋਸ਼ਿਤ ਕੀਤਾ ਗਿਆ ਹੈ । ਜੇਕਰ ਅਸੀਂ ਖੇਤਾਂ ਵਿਚੋਂ ਜ਼ਹਿਰਾਂ ਭਜਾ ਕੇ ਆਪਣਾ ਖਾਣਾ ਜ਼ਹਿਰ ਮੁਕਤ (ਸ਼ੁੱਧ) ਕਰ ਲਵਾਂਗੇ ਤਾਂ ਭਿਆਨਕ ਬਿਮਾਰੀਆਂ ਆਪਣੇ ਆਪ ਹੀ ਸਾਡੇ ਘਰਾਂ ਵਿਚੋਂ ਭੱਜ ਜਾਣਗੀਆਂ ਅਤੇ ਸਾਨੂੰ ਹਸਪਤਾਲਾਂ ਅਤੇ ਦਵਾਈਆਂ ਦੇ ਸਟੋਰਾਂ ਵਿਚ ਜਾਣ ਦੀ ਲੋੜ ਹੀ ਨਹੀਂ ਪੈਣੀ ਅਸੀਂ ਕਰਜਾਈ ਹੋਣ ਤੋਂ ਵੀ ਬਚ ਜਾਵਾਂਗੇ ਅਜੋਕੇ ਸਮੇਂ ਵਿੱਚ ਸਾਡੇ ਸਮਾਜ ਨੂੰ ਫੈਮਲੀ ਡਾਕਟਰ ਸਹਿਬਾਨ ਦੀ ਲੋੜ ਨਹੀਂ ਸਗੋਂ ਫੈਮਲੀ ਔਰਗੈਨਿਕ ਖੇਤੀ ਕਿਸਾਨ ਦੀ ਲੋੜ ਹੈ ਕਿਉਂਕਿ ਸਾਡੀ ਰਸੋਈ ਹੀ ਸਾਡੇ ਲਈ ਬਹੁਤ ਵੱਡਾ ਡਾਕਟਰ ਸਹਿਬਾਨ ਹੈ ਅਗਰ ਅਸੀਂ ਆਪਣੀ ਰਸੋਈ ਵਿਚ ਰਸਾਇਣਿਕ ਖਾਣੇ ਦੀ ਜਗ੍ਹਾਂ ਔਰਗੈਨਿਕ ਖਾਣਾ ਖਾਵਾਂਗੇ ਤਾਂ ਸਾਨੂੰ ਕਿਸੇ ਹਸਪਤਾਲ ਜਾਂ ਮਹਿੰਗੀਆਂ ਦਵਾਈਆਂ ਦੀ ਲੋੜ ਹੀ ਨਹੀਂ ਪੈਣੀ । ਮਨੁੱਖੀ ਸਿਹਤ ਲਈ ਔਰਗੈਨਿਕ ਦਾਲਾਂ, ਸਬਜ਼ੀਆਂ, ਦੁੱਧ-ਦਹੀਂ, ਫਰੂਟ, ਹਰ ਪ੍ਰਕਾਰ ਦਾ ਔਰਗੈਨਿਕ ਭੋਜਨ ਵਰਦਾਨ ਹੈ ।



ਸਤਿਕਾਰਯੋਗ ਖਪਤਕਾਰਾਂ ਨੂੰ ਵੀ ਚਾਹੀਦਾ ਹੈ ਕਿ ਉਹ ਖਾਣ ਪੀਣ ਵਾਲੀਆਂ ਔਰਗੈਨਿਕ ਵਸਤੂਆਂ ਦਾ ਸਹੀ ਰੇਟ ਅਦਾ ਕਰਨ ਅਤੇ ਆਪਣੀ ਸਿਹਤ ਨੂੰ ਤੰਦਰੁਸਤ ਰੱਖਣ ਕਿਉਂਕਿ ਔਰਗੈਨਿਕ ਪੈਦਾਵਾਰ ਉੱਤੇ ਕਿਸਾਨ ਨੂੰ ਮਿਹਨਤ ਜ਼ਿਆਦਾ ਕਰਨੀ ਪੈਂਦੀ ਹੈ । ਬਿਮਾਰੀਆਂ ਦਾ ਇਲਾਜ਼ ਕਰਾਉਣ ਲਈ ਦਵਾਈਆਂ ਦੇ ਵੱਡੇ-ਵੱਡੇ ਬਿੱਲ ਭਰਨ ਦੀ ਬਜਾਏ ਔਰਗੈਨਿਕ ਪੈਦਾਵਾਰ ਕਰਨ ਵਾਲੇ ਕਿਸਾਨ ਨੂੰ ਔਰਗੈਨਿਕ ਪੈਦਾਵਾਰ ਦਾ ਰਸਾਇਣਿਕ ਪੈਦਾਵਾਰ ਦੇ ਮੁਕਾਬਲੇ ਥੋੜ੍ਹਾ ਜਿਹਾ ਵੱਧ ਰੇਟ ਮਿਲਣਾ ਚਾਹੀਦਾ ਹੈ । ਬਿਮਾਰੀਆਂ ਤੋਂ ਦੂਰ ਰਹਿਣ ਲਈ, ਨਰੋਈ ਸਿਹਤ ਅਤੇ ਨਰੋਆ ਸਮਾਜ ਸਿਰਜਣ ਲਈ ਸਿਰਫ ਇਕ ਔਰਗੈਨਿਕ ਖੇਤੀ ਦਾ ਰਸਤਾ ਅਪਨਾ ਕੇ ਇੱਕ ਤੀਰ ਨਾਲ ਕਈ ਨਿਸ਼ਾਨੇ ਹੋ ਸਕਦੇ ਹਨ ਜਿਵੇਂ ਕਿ ਮਿੱਟੀ, ਹਵਾ, ਪਾਣੀ, ਸਿਹਤ, ਸਮੂਹ ਵਾਤਾਵਰਣ ਵਿਚ ਬਹੁਤ ਸੁਧਾਰ ਆ ਸਕਦਾ ਹੈ ।

ਸੋ ''ਆਓ ਰਲ ਮਿਲ ਜ਼ੋਰ ਲਗਾਈਏ, ਖੇਤਾਂ ਵਿੱਚੋਂ ਜ਼ਹਿਰਾਂ ਭਜਾਈਏ'' ਜ਼ਹਿਰ ਮੁਕਤ ਖਾਣਾ ਸਭ ਨੂੰ ਖੁਆਈਏ, ਸਮਾਜ ਨੂੰ ਤੰਦਰੁਸਤ ਬਣਾਈਏ'' ਪਰਾਲੀ ਨੂੰ ਅੱਗ ਕਦੇ ਨਾ ਲਾਈਏ, ਫੈਕਟਰੀਆਂ ਵਿੱਚੋਂ ਵੀ ਧੂਆਂ ਘਟਾਈਏ'' ਕੁਦਰਤ ਰਾਣੀ ਨੂੰ ਹਰਾ ਭਰਾ ਬਣਾਈਏ'' ਧਰਤੀ ਹੇਠਲਾ ਪਾਣੀ ਵੱਧ ਤੋਂ ਵੱਧ ਬਚਾਈਏ, ਆਉਣ ਵਾਲੀਆਂ ਪੀੜੀਆਂ ਲਈ ਵੀ ਕੁਝ ਚੰਗਾ ਕਰਕੇ ਜਾਈਏ'' ਆਪਾਂ ਸਾਰੇ ਹੀ ਔਰਗੈਨਿਕ ਖੇਤੀ ਦੀ ਸ਼ੁਰੂਆਤ ਆਪਣੇ ਘਰ, ਗਲੀ, ਮਹੱਲਾ, ਜਿਲਾ, ਸਟੇਟ ਤੋਂ ਸ਼ੁਰੂ ਕਰਕੇ ਪੂਰੇ ਭਾਰਤ ਨੂੰ ਔਰਗੈਨਿਕ ਖੇਤੀ ਵਾਲਾ ਦੇਸ਼ ਬਣਾਈਏ ਅਤੇ ਬਹੁਤ ਤੇਜ਼ੀ ਨਾਲ ਵੱਧ ਰਹੀਆਂ ਭਿਆਨਕ ਬਿਮਾਰੀਆਂ ਤੋਂ ਛੁਟਕਾਰਾਂ ਪਾਈਏ । ਆਪਾਂ ਸਾਰੇ ਹੀ ਹੰਭਲਾ ਮਾਰੀਏ ਔਰਗੈਨਿਕ ਖੇਤੀ ਨੂੰ ਘਰ ਘਰ ਅਪਨਾ ਕੇ ਆਪਣੇ ਸਿਰ ਦਾ ਤਾਜ ਬਣਾ ਕੇ ਪੂਰੀ ਦੁਨੀਆਂ ਵਿਚ ਔਰਗੈਨਿਕ ਖੇਤੀ ਪੱਖੋਂ ਭਾਰਤ ਨੂੰ ਪਹਿਲੇ ਨੰਬਰ ਉੱਤੇ ਪਹੁੰਚਾਈਏ ਅਤੇ ਭਾਰਤ ਦਾ ਨਾਮ ਸਾਰੀ ਦੁਨੀਆਂ ਵਿੱਚ ਰੌਸ਼ਨ ਕਰੀਏ ।

**ਪਿੰਡ ਅਤੇ ਡਾਕਖਾਨਾ ਲੰਗੇਰੀ, ਤਹਿਸੀਲ ਬੰਗਾ, ਜ਼ਿਲਾ ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ)-144504**

## ਕਿਸਾਨ ਵੀਰਾਂ ਲਈ

# ਇਸ ਹਫਤੇ ਦੇ ਖੇਤੀ ਰੁਝੇਵੇਂ

**ਝੋਨਾ** : ਖੇਤ ਵਿੱਚ ਲਗਾਤਾਰ ਪਾਣੀ ਖੜ੍ਹਾ ਨਾ ਰੱਖੋ। ਪਨੀਰੀ ਲਾਉਣ ਪਿੱਛੋਂ 2 ਹਫਤੇ ਤੱਕ ਪਾਣੀ ਖੜ੍ਹਾ ਰੱਖੋ ਅਤੇ ਬਾਅਦ ਵਿੱਚ ਪਾਣੀ ਉਸ ਵੇਲੇ ਦਿਉ, ਜਦੋਂ ਖੇਤ ਵਿੱਚੋਂ ਪਾਣੀ ਜਜ਼ਬ ਹੋਏ ਨੂੰ 2 ਦਿਨ ਹੋ ਗਏ ਹੋਣ। ਝੋਨੇ ਵਿੱਚ ਨਦੀਨਾਂ ਦੀ ਰੋਕਥਾਮ ਲਈ 60 ਗ੍ਰਾਮ ਸਾਥੀ (ਪਾਈਰੇਜ਼ੋਸਲਫੂਰਾਨ ਈਥਾਈਲ) 10 ਤਾਕਤ ਜਾਂ 1200 ਮਿਲੀਲੀਟਰ ਕੋਈ ਵੀ ਸਿਫਾਰਿਸ਼ ਕੀਤੀ ਨਦੀਨ-ਨਾਸ਼ਕ ਬੂਟਾਕਲੋਰ 50 ਤਾਕਤ ਜਾਂ 500 ਮਿਲੀਲੀਟਰ ਅਨੀਲੋਫਾਸ 30 ਤਾਕਤ ਜਾਂ ਪਰੀਟੀਲਾਕਲੋਰ 50 ਤਾਕਤ 600 ਮਿਲੀਲੀਟਰ ਜਾਂ ਪਰੀਟੀਲਾਕਲੋਰ 37 ਈ. ਡਬਲਯੂ. 750 ਮਿਲੀਲੀਟਰ ਜਾਂ ਸਟੌਂਪ 30 ਤਾਕਤ 1000-1200 ਮਿਲੀਲੀਟਰ ਪ੍ਰਤੀ ਏਕੜ ਨੂੰ 60 ਕਿਲੋ ਰੇਤ ਵਿੱਚ ਮਿਲਾ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤੋ। ਪਨੀਰੀ ਪੁੱਟ ਕੇ ਖੇਤ ਵਿੱਚ ਲਾਉਣ ਤੋਂ ਦੋ-ਤਿੰਨ ਦਿਨਾਂ ਦੇ ਵਿੱਚ ਖੜ੍ਹੇ ਪਾਣੀ ਵਿੱਚ ਇਨ੍ਹਾਂ ਵਿੱਚੋਂ ਕੋਈ ਇੱਕ ਨਦੀਨਨਾਸ਼ਕ ਦਾ ਇੱਕਸਾਰ ਛੱਟਾ ਦਿਉ। ਸੁਆਂਕ ਅਤੇ ਮੋਥਿਆਂ ਦੀ ਅਸਰਦਾਰ ਰੋਕਥਾਮ ਲਈ 100 ਮਿਲੀਲੀਟਰ ਪ੍ਰਤੀ ਏਕੜ ਨੌਮਿਨੀਗੋਲਡ 10 ਐਸ. ਸੀ. (ਬਿਸਪਾਇਰੀਬੈਕ) ਨੂੰ 150 ਲੀਟਰ ਪਾਣੀ ਵਿੱਚ ਘੋਲ ਕੇ ਲੁਆਈ ਤੋਂ 20-25 ਦਿਨਾਂ 'ਤੇ ਛਿੜਕਾਅ ਕਰੋ। ਜਿਹਨਾਂ ਖੇਤਾਂ ਵਿੱਚ ਲੈਪਟੋਕਲੋਆ (ਚੀਨੀ) ਘਾਹ ਅਤੇ ਕਣਕੀ ਦੀ ਸਮੱਸਿਆ ਹੋਵੇ, ਉੱਥੇ 400 ਮਿਲੀਲੀਟਰ ਪ੍ਰਤੀ ਏਕੜ ਰਾਈਸਸਟਾਰ 6.7 ਈ. ਸੀ. (ਫਿਨੋਕਸਾਪ੍ਰੋਪ) ਨੂੰ 150 ਲੀਟਰ ਪਾਣੀ ਵਿੱਚ ਘੋਲ ਕੇ ਝੋਨੇ ਦੀ ਲੁਆਈ ਤੋਂ 20-25 ਦਿਨਾਂ 'ਤੇ ਛਿੜਕਾਅ ਕਰੋ। ਸੁਆਂਕ, ਮੋਥੇ ਅਤੇ ਚੌੜੇ ਪੱਤਿਆਂ ਵਾਲੇ ਨਦੀਨਾਂ ਦੀ ਰੋਕਥਾਮ ਲਈ ਨੌਵੀਕਸਿਡ 3.25 ਓ. ਡੀ. 500 ਮਿਲੀਲੀਟਰ ਜਾਂ ਏਕੇਤਸੂ 43 ਡਬਲਯੂ. ਜੀ. 40 ਗ੍ਰਾਮ ਦਾ ਛਿੜਕਾਅ ਕਰੋ ਅਤੇ ਮੋਥੇ ਤੇ ਚੌੜੇ ਪੱਤਿਆਂ ਵਾਲੇ ਨਦੀਨਾਂ ਲਈ ਐਲਗਰਿਪ (ਮੈਟਸਲਫੂਰਾਨ) 30 ਗ੍ਰਾਮ ਜਾਂ ਸਨਰਾਈਸ 15 ਤਾਕਤ 50 ਗ੍ਰਾਮ ਜਾਂ ਲੋਡੈਕਸ 60 ਤਾਕਤ 40 ਗ੍ਰਾਮ ਜਾਂ ਸੈਗਮੈਂਟ 16 ਗ੍ਰਾਮ ਜਾਂ 8 ਗ੍ਰਾਮ ਐਲਮਿਕਸ ਪ੍ਰਤੀ ਏਕੜ ਨੂੰ 150 ਲੀਟਰ ਪਾਣੀ ਵਿੱਚ ਪਾ ਕੇ ਲੁਆਈ ਦੇ 20-25 ਦਿਨਾਂ ਬਾਅਦ ਛਿੜਕਾਅ ਕਰੋ। ਝੋਨੇ ਨੂੰ 30-30 ਕਿਲੋ ਯੂਰੀਆ ਦੀ ਦੂਜੀ ਅਤੇ ਤੀਜੀ ਕਿਸ਼ਤ ਲੁਆਈ ਤੋਂ 3 ਅਤੇ 6 ਹਫਤੇ ਬਾਅਦ ਪਾਉ। ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਜਿਵੇਂ ਕਿ ਪੀ. ਆਰ.-124 ਅਤੇ ਪੀ. ਆਰ.-126 ਨੂੰ ਯੂਰੀਆ ਖਾਦ ਦੀ ਤੀਜੀ ਕਿਸ਼ਤ ਪਨੀਰੀ ਲਾਉਣ ਤੋਂ 5 ਹਫਤੇ ਬਾਅਦ ਪਾਉ।



**ਬਾਸਮਤੀ** : ਪੂਸਾ ਬਾਸਮਤੀ-1847, ਪੰਜਾਬ ਬਾਸਮਤੀ-7, ਪੰਜਾਬ ਬਾਸਮਤੀ-5, ਪੂਸਾ ਬਾਸਮਤੀ-1718 ਅਤੇ ਪੂਸਾ-1121 ਕਿਸਮ ਦੀ ਲੁਆਈ ਜੁਲਾਈ ਦੇ ਪਹਿਲੇ ਪੰਦਰਵਾੜੇ ਤੱਕ ਪੂਰੀ ਕਰ ਲੈਣੀ ਚਾਹੀਦੀ ਹੈ। ਸੀ. ਐਸ. ਆਰ.-13, ਪੂਸਾ ਬਾਸਮਤੀ-1509 ਕਿਸਮ ਦੀ ਪਨੀਰੀ ਪੁੱਟ ਕੇ ਖੇਤ ਵਿੱਚ ਲੁਆਈ ਜੁਲਾਈ ਦੇ ਦੂਸਰੇ ਪੰਦਰਵਾੜੇ ਕਰੋ। ਬਾਸਮਤੀ ਨੂੰ 9 ਕਿਲੋ ਯੂਰੀਆ ਪ੍ਰਤੀ ਏਕੜ ਦੇ ਹਿਸਾਬ ਨਾਲ ਪਹਿਲੀ ਅੱਧੀ ਕਿਸ਼ਤ ਪਨੀਰੀ ਲਗਾਉਣ ਦੇ ਤਿੰਨ ਹਫਤੇ ਬਾਅਦ, ਸੀ. ਐਸ. ਆਰ.-30 ਨੂੰ ਪਾਉ ਅਤੇ 18 ਕਿਲੋ ਯੂਰੀਆ ਦੀ ਪਹਿਲੀ ਕਿਸ਼ਤ ਪੂਸਾ ਬਾਸਮਤੀ-1121, ਪੰਜਾਬ ਬਾਸਮਤੀ-7, ਪੰਜਾਬ ਬਾਸਮਤੀ-5, ਪੂਸਾ ਬਾਸਮਤੀ-1637 ਤੇ ਪੂਸਾ ਬਾਸਮਤੀ-1718 ਨੂੰ ਅਤੇ 27 ਕਿਲੋ ਯੂਰੀਆ ਪੂਸਾ ਬਾਸਮਤੀ-1509 ਨੂੰ ਪਾਓ।



**ਮੱਕੀ** : ਜ਼ਿਆਦਾ ਦੇਰ ਤੱਕ ਖੜ੍ਹਾ ਪਾਣੀ ਮੱਕੀ ਦੀ ਫ਼ਸਲ ਸਹਾਰ ਨਹੀਂ ਸਕਦੀ। ਇਸ ਲਈ ਵਾਧੂ ਖੜ੍ਹਾ ਪਾਣੀ ਖੇਤ ਵਿੱਚੋਂ ਬਾਹਰ ਕੱਢ ਦਿਉ। ਫਾਲ ਆਰਮੀਵਰਮ ਦੀ ਰੋਕਥਾਮ ਲਈ 0.4 ਮਿਲੀਲੀਟਰ ਕੋਰਾਜਨ 18.5 ਐਸ. ਸੀ. (ਕਲੋਰਐਂਟਰਾਨਿਲੀਪਰੋਲ) ਜਾਂ 0.5 ਮਿਲੀਲੀਟਰ ਡੈਲੀਗੇਟ 11.7 ਐਸ. ਸੀ. (ਸਪਾਈਨਟੋਰਮ) ਜਾਂ 0.4 ਗ੍ਰਾਮ ਮਿਜ਼ਾਈਲ 5 ਐਸ. ਜੀ. (ਐਮਾਮੈਕਟਿਨ ਬੈਂਜ਼ੋਏਟ) ਪ੍ਰਤੀ ਲੀਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ। 20 ਦਿਨਾਂ ਤੱਕ ਦੀ ਫ਼ਸਲ ਲਈ 120 ਲੀਟਰ ਪਾਣੀ ਪ੍ਰਤੀ ਏਕੜ ਵਰਤੋ। ਇਸ ਤੋਂ ਬਾਅਦ, ਫ਼ਸਲ ਦੇ ਵਾਧੇ ਅਨੁਸਾਰ ਪਾਣੀ ਦੀ ਮਾਤਰਾ 200 ਲੀਟਰ ਪ੍ਰਤੀ ਏਕੜ ਤੱਕ ਵਧਾਉ, ਪਰ ਧਿਆਨ ਰੱਖੋ ਕਿ ਪਾਣੀ ਦੇ ਨਾਲ-ਨਾਲ ਉੱਪਰ ਦੱਸੇ ਕੀਟਨਾਸ਼ਕਾਂ ਦੀ ਮਾਤਰਾ ਵੀ ਉਸੇ ਅਨੁਪਾਤ ਵਿੱਚ ਵਧਾਉ। ਕੀੜੇ ਦੀ ਕਾਰਗਰ ਰੋਕਥਾਮ ਲਈ ਛਿੜਕਾਅ ਮੱਕੀ ਦੀ ਗੋਭ ਵੱਲ ਨੂੰ ਕਰਨਾ ਜ਼ਰੂਰੀ ਹੈ। ਜੇ ਹਮਲਾ ਧੌੜੀਆਂ ਵਿੱਚ ਹੋਵੇ ਜਾਂ ਫ਼ਸਲ 40 ਦਿਨਾਂ ਤੋਂ ਵੱਡੀ ਹੋਵੇ ਅਤੇ ਛਿੜਕਾਅ ਵਿੱਚ ਮੁਸ਼ਕਿਲ ਹੋਵੇ ਤਾਂ ਮਿੱਟੀ ਅਤੇ ਕੀਟਨਾਸ਼ਕ/ਜੈਵਿਕ ਕੀਟਨਾਸ਼ਕ ਦੇ ਮਿਸ਼ਰਣ (ਲਗਭਗ ਅੱਧਾ ਗ੍ਰਾਮ) ਨੂੰ ਹਮਲੇ ਵਾਲੀਆਂ ਗੋਭਾਂ ਵਿੱਚ ਪਾ ਕੇ ਫਾਲ ਆਰਮੀਵਰਮ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਮਿਸ਼ਰਣ ਬਣਾਉਣ ਲਈ 5 ਮਿਲੀਲੀਟਰ ਕੋਰਾਜਨ 18.5 ਐਸ. ਸੀ. (ਕਲੋਰਐਂਟਰਾਨਿਲੀਪਰੋਲ) ਜਾਂ ਡੈਲੀਗੇਟ 11.7 ਐਸ. ਸੀ. (ਸਪਾਈਨਟੋਰਮ) ਜਾਂ 5 ਗ੍ਰਾਮ ਮਿਜ਼ਾਈਲ 5 ਐਸ. ਜੀ. (ਐਮਾਮੈਕਟਿਨ ਬੈਂਜ਼ੋਏਟ) ਜਾਂ 25 ਗ੍ਰਾਮ ਡੇਲਫਿਨ ਡਬਲਯੂ. ਜੀ. ਜਾਂ 25 ਮਿਲੀਲੀਟਰ ਡਾਈਪਲ 8 ਐਲ (ਬੈਸੀਲਸ ਥੁਰੀਨਜਿਐਨਸਿਸ ਕੁਰਸਟਾਕੀ) ਨੂੰ 10 ਮਿਲੀਲੀਟਰ ਪਾਣੀ ਵਿੱਚ ਘੋਲ ਕੇ ਇੱਕ ਕਿਲੋ ਮਿੱਟੀ ਵਿੱਚ ਚੰਗੀ ਤਰ੍ਹਾਂ ਮਿਲਾਓ। ਜੇਕਰ ਕਣਕ ਦੇ ਵੱਢ ਵਿੱਚ ਮੱਕੀ ਬੀਜੀ ਹੈ, ਜਿਸ ਨੂੰ ਸਿਫਾਰਿਸ਼ ਮੁਤਾਬਿਕ ਫਾਸਫੋਰਸ ਪਾਈ ਹੋਵੇ ਤਾਂ ਮੱਕੀ ਨੂੰ ਫਾਸਫੋਰਸ ਪਾਉਣ ਦੀ ਲੋੜ ਨਹੀਂ। ਪੋਟਾਸ਼ ਖਾਦ ਦੀ ਵਰਤੋਂ ਤਾਂ ਹੀ ਕਰੋ, ਜੇਕਰ ਮਿੱਟੀ ਵਿੱਚ ਪੋਟਾਸ਼ ਦੀ ਘਾਟ ਹੋਵੇ। ਡੀਲੇ/ਮੋਥੇ ਦੀ ਰੋਕਥਾਮ ਲਈ 400 ਮਿਲੀਲੀਟਰ ਪ੍ਰਤੀ ਏਕੜ 2,4-ਡੀ ਅਮਾਈਨ ਸਾਲਟ 58 ਐਸ. ਐਲ. ਬਿਜਾਈ ਤੋਂ 20-25 ਦਿਨਾਂ ਬਾਅਦ 150 ਲੀਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ।

**ਕਪਾਹ** : ਜ਼ਿਆਦਾ ਦੇਰ ਤੱਕ ਖੜ੍ਹਾ ਪਾਣੀ ਨਰਮੇ ਦੀ ਫ਼ਸਲ ਸਹਾਰ ਨਹੀਂ ਸਕਦੀ। ਇਸ ਲਈ ਵਾਧੂ ਖੜ੍ਹਾ ਪਾਣੀ ਖੇਤ ਵਿੱਚੋਂ ਬਾਹਰ ਕੱਢ ਦਿਉ। ਨਰਮੇ ਦੀ ਫ਼ਸਲ ਵਿੱਚ ਨਦੀਨਾਂ ਦੀ ਰੋਕਥਾਮ ਲਈ 2-3 ਗੋਡੀਆਂ ਕਰੋ, ਪਹਿਲੀ ਗੋਡੀ ਪਹਿਲੇ ਪਾਣੀ ਤੋਂ ਪਹਿਲਾਂ, ਪਹੀਏ ਵਾਲੀ ਤ੍ਰਿਫਾਲੀ ਟਰੈਕਟਰ ਨਾਲ ਚੱਲਣ ਵਾਲੇ ਟਿੱਲਰ/ਰੋਟਰੀ ਵੀਡਰ ਨਾਲ ਕਰੋ। ਫ਼ਸਲ ਨੂੰ ਫੁੱਲ ਜਾਂ ਟੀਂਡੇ ਪੈਣ ਤੋਂ ਬਾਅਦ ਇਹਨਾਂ ਦੀ ਵਰਤੋਂ ਨਾ ਕਰੋ। ਜਿੱਥੇ ਕਿਤੇ ਇਟਸਿੱਟ ਨਦੀਨ ਪਹਿਲੀ ਜਾਂ ਬਰਸਾਤ ਮਗਰੋਂ ਉੱਗਦੇ ਹਨ ਤਾਂ ਸਟੌਂਪ 30 ਤਾਕਤ ਇੱਕ ਲੀਟਰ ਪ੍ਰਤੀ ਏਕੜ ਦੇ ਹਿਸਾਬ ਨਾਲ 200 ਲੀਟਰ ਪਾਣੀ ਵਿੱਚ ਘੋਲ ਕੇ ਛਿੜਕੋ। ਇਸ ਦੇ ਬਦਲ ਵਿੱਚ ਫ਼ਸਲ ਵਿੱਚ ਪਹਿਲੇ ਪਾਣੀ ਤੋਂ ਬਾਅਦ ਖੇਤ ਵੱਤਰ ਆਉਣ 'ਤੇ 500 ਮਿਲੀਲੀਟਰ ਪ੍ਰਤੀ ਏਕੜ ਹਿਟਵੀਡ ਮੈਕਸ 10 ਪ੍ਰਤੀਸ਼ਤ (ਪਾਇਰੀਥਾਇਓਬੈਕ ਸੋਡੀਅਮ 6% + ਕੁਇਜ਼ਾਲੋਫਾਪ ਇਥਾਇਲ 4%) ਦਾ ਛਿੜਕਾਅ ਕਰਨ 'ਤੇ ਘਾਹ ਅਤੇ ਚੌੜੇ ਪੱਤੇ ਵਾਲੇ ਮੌਸਮੀ ਨਦੀਨਾਂ ਦੀ ਚੰਗੀ ਰੋਕਥਾਮ ਕੀਤੀ ਜਾ ਸਕਦੀ ਹੈ। ਇਹ ਨਦੀਨ-ਨਾਸ਼ਕ ਲਪੇਟਾ ਵੇਲ (ਗੁਆਰਾ ਵੇਲ) ਦੀ ਵੀ 2 ਤੋਂ 5 ਪੱਤਿਆਂ ਦੀ ਅਵਸਥਾ 'ਤੇ ਚੰਗਾ ਰੋਕਥਾਮ ਕਰਦੀ ਹੈ। ਫ਼ਸਲ ਦੇ ਵਿਚਕਾਰ ਪਈ ਥਾਂ ਤੋਂ ਨਦੀਨ ਮਾਰਨ ਲਈ ਗਰਾਮੋਕਸੋਨ 24 ਐਸ. ਐਲ. (ਪੈਰਾਕੁਏਟ) ਦਾ 500 ਮਿਲੀਲੀਟਰ ਜਾਂ 900 ਮਿਲੀਲੀਟਰ ਸਵੀਪ ਪਾਵਰ 13.5 ਐਸ. ਐਲ. (ਗਲੂਫੋਸੀਨੇਟ ਅਮੋਨੀਅਮ) ਨੂੰ ਪ੍ਰਤੀ ਏਕੜ ਦੇ ਹਿਸਾਬ 100 ਲੀਟਰ ਪਾਣੀ ਵਿੱਚ ਘੋਲ ਕੇ ਨਦੀਨਾਂ ਉੱਪਰ ਸਿੱਧਾ ਛਿੜਕੋ। ਜਦੋਂ ਫ਼ਸਲ 6-8 ਹਫਤਿਆਂ ਦੀ ਹੋ ਜਾਵੇ ਅਤੇ 40-45 ਸੈਂਟੀਮੀਟਰ ਉੱਚੀ ਹੋ ਜਾਵੇ। ਨਦੀਨ-ਨਾਸ਼ਕ ਜ਼ਹਿਰਾਂ ਉਦੋਂ ਵਰਤੋਂ ਜਦੋਂ ਹਵਾ ਨਾ ਵਗਦੀ ਹੋਵੇ। ਇਹ ਵੀ ਖਿਆਲ ਰੱਖੋ ਕਿ ਨਦੀਨ-ਨਾਸ਼ਕ ਫ਼ਸਲ ਦੇ ਪੱਤਿਆਂ 'ਤੇ ਨਾ ਪਵੇ।



**ਮੂੰਗਫਲੀ** : 13 ਕਿਲੋ ਯੂਰੀਆ, 50 ਕਿਲੋ ਸਿੰਗਲ ਸੁਪਰਫਾਸਫੇਟ ਖਾਦ ਅਤੇ 17 ਕਿਲੋ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤੋ। ਜੇਕਰ ਮੂੰਗਫਲੀ ਕਣਕ ਤੋਂ ਬਾਅਦ ਬੀਜੀ ਗਈ ਹੈ ਅਤੇ ਸਿਫਾਰਿਸ਼ ਕੀਤੀ ਫਾਸਫੋਰਸ ਪਾਈ ਗਈ ਸੀ, ਤਾਂ ਸੁਪਰ ਫਾਸਫੇਟ ਨਾ ਪਾਓ। ਜ਼ਿੰਕ ਦੀ ਘਾਟ ਪੂਰੀ ਕਰਨ ਲਈ 25 ਕਿਲੋ ਜ਼ਿੰਕ ਸਲਫੇਟ (21%) ਜਾਂ 16 ਕਿਲੋ ਜ਼ਿੰਕ ਸਲਫੇਟ (33%) ਪ੍ਰਤੀ ਏਕੜ ਪਾਉ। ਜ਼ਿੰਕ ਸਲਫੇਟ ਦੀ ਏਨੀ ਮਿਕਦਾਰ ਦੋ-ਤਿੰਨ ਸਾਲ ਫ਼ਸਲ ਪੈਦਾ ਕਰਨ ਲਈ ਕਾਫ਼ੀ ਹੈ।

**ਦਾਲਾਂ** : ਮੂੰਗੀ (ਐਮ. ਐਲ.-1808, ਐਮ. ਐਲ.-2056 ਅਤੇ ਐਮ. ਐਲ.-818 ਕਿਸਮਾਂ) ਦੀ ਬਿਜਾਈ ਜੁਲਾਈ ਦੇ ਦੂਜੇ ਪੰਦਰਵਾੜੇ ਵਿੱਚ ਕਰੋ। ਪਿਛੇਤੀ ਬਿਜਾਈ ਕਾਰਨ ਫ਼ਸਲ ਦਾ ਝਾੜ ਘਟਦਾ ਹੈ। ਮਾਂਹ/ਮੂੰਗੀ ਜਾਂ ਅਰਹਰ ਵਿੱਚੋਂ ਨਦੀਨ ਮਾਰਨ ਲਈ ਇੱਕ ਜਾਂ ਦੋ ਗੋਡੀਆਂ ਕਰੋ। ਮੂੰਗੀ ਨੂੰ 11 ਕਿਲੋ ਯੂਰੀਆ ਅਤੇ 100 ਕਿਲੋ ਸਿੰਗਲ ਸੁਪਰਫਾਸਫੇਟ ਅਤੇ ਮਾਂਹ ਨੂੰ 11 ਕਿਲੋ ਯੂਰੀਆ ਅਤੇ 60 ਕਿਲੋ ਸਿੰਗਲ ਸੁਪਰਫਾਸਫੇਟ ਬਿਜਾਈ ਵੇਲੇ ਹੀ ਪਾਉ। ਚੰਗੇ ਝਾੜ ਲਈ ਬੀਜ ਨੂੰ ਸਿਫਾਰਿਸ਼ ਕੀਤੇ ਰਾਈਜ਼ੋਬੀਅਮ ਦੇ ਟੀਕੇ ਨਾਲ ਸੋਧ ਲਉ।

**ਹਰੇ ਚਾਰੇ** : ਮੌਸਮ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ, ਚਾਰੇ ਦੀ ਫ਼ਸਲ ਨੂੰ ਪਾਣੀ ਦਿੰਦੇ ਰਹੋ ਅਤੇ ਸੋਕਾ ਨਾ ਲੱਗਣ ਦਿਉ। ਸਾਰਾ ਸਾਲ ਹਰਾ ਚਾਰਾ ਪੈਦਾ ਕਰਨ ਲਈ ਚਾਰੇ ਵਾਲੀਆਂ ਫ਼ਸਲਾਂ ਦੀ ਸਮੇਂ ਸਿਰ ਬਿਜਾਈ ਕਰਦੇ ਰਹੋ। ਗੈਰ-ਫਲੀਦਾਰ ਅਤੇ ਫਲੀਦਾਰ ਚਾਰੇ ਜਿਵੇਂ ਕਿ ਮੱਕੀ+ਰਵਾਂਹ ਰਲਾ ਕੇ ਬੀਜੋ, ਇਸ ਤਰ੍ਹਾਂ ਜ਼ਿਆਦਾ ਪੌਸ਼ਟਿਕ ਚਾਰਾ ਮਿਲੇਗਾ। ਚਾਰੇ ਦੇ ਚੰਗੇ ਵਾਧੇ ਲਈ ਕੁਝ ਵਕਫੇ ਬਾਅਦ ਲਗਾਤਾਰ ਪਾਣੀ ਦਿਉ।

**ਸਬਜ਼ੀਆਂ** : ਇਹ ਸਮਾਂ ਵੇਲਾਂ ਵਾਲੀਆਂ ਸਬਜ਼ੀਆਂ ਜਿਵੇਂ ਕਿ ਹਲਵਾ ਕੱਦੂ, ਘੀਆ ਕੱਦੂ, ਕਰੇਲਾ, ਕਾਲੀ ਤੋਰੀ, ਪੇਠਾ, ਟੀਂਡਾ ਅਤੇ ਵੰਗੇ ਦੀ ਬਿਜਾਈ ਲਈ ਢੁੱਕਵਾਂ ਹੈ। ਬਰਸਾਤੀ ਮੌਸਮ ਵਿੱਚ ਬਿਜਾਈ ਲਈ ਵਿਸ਼ਾਣੂੰ ਰੋਗ ਦਾ ਟਾਕਰਾ ਕਰਨ ਵਾਲੀਆਂ ਕਿਸਮਾਂ ਦੀ ਚੋਣ ਕਰੋ। ਇਸ ਤੋਂ ਇਲਾਵਾ ਭਿੰਡੀ ਦੀ ਪੰਜਾਬ ਸੁਹਾਵਨੀ, ਪੰਜਾਬ ਲਾਲਿਮਾ ਅਤੇ ਲੋਬੀਆ ਦੀ ਕਾਉਪੀਅ-263 ਕਿਸਮਾਂ ਦੀ ਬਿਜਾਈ ਲਈ ਸਹੀ ਸਮਾਂ ਹੈ। ਲੋੜ ਅਨੁਸਾਰ ਸਿੰਚਾਈ 4-5 ਦਿਨਾਂ ਦੇ ਵਕਫੇ 'ਤੇ ਕਰਦੇ ਰਹੋ। ਟਮਾਟਰ ਦੀ ਫ਼ਸਲ ਨੂੰ ਅਗੇਤੇ ਝੁਲਸ ਤੋਂ ਬਚਾਉਣ ਲਈ 200 ਲੀਟਰ ਪਾਣੀ ਵਿੱਚ ਇੰਡੋਫਿਲ ਐਮ-45 ਅਤੇ 600 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ। ਭਿੰਡੀ ਦੀਆਂ ਪੰਜਾਬ ਸੁਹਾਵਣੀ ਜਾਂ ਪੰਜਾਬ ਲਾਲਿਮਾ ਕਿਸਮਾਂ ਬੀਜਣੀਆਂ ਸ਼ੁਰੂ ਕਰ ਦਿਉ, ਕਿਉਂਕਿ ਇਹ ਕਿਸਮਾਂ ਪੀਲੇ ਵਿਸ਼ਾਣੂੰ ਰੋਗ ਦਾ ਟਾਕਰਾ ਕਰਨ ਦੀ ਸਮਰੱਥਾ ਰੱਖਦੀਆਂ ਹਨ। 15-20 ਟਨ ਗਲੀ-ਸੜੀ ਰੂੜੀ ਤੋਂ ਇਲਾਵਾ 40 ਕਿਲੋ ਯੂਰੀਆ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉ। ਬੈਂਗਣ ਵਿੱਚ ਫਲਾਂ ਅਤੇ ਲਗਰਾਂ ਵਿੱਚ ਮੋਰੀ ਕਰਨ ਵਾਲੀ ਸੁੰਡੀ ਦੀ ਰੋਕਥਾਮ ਲਈ 80 ਮਿਲੀਲੀਟਰ ਕੋਰਾਜ਼ਨ 18.5 ਐਸ. ਸੀ. (ਕਲੋਰਐਂਟਰਾਨੀਲੀਪਰੋਲ) ਜਾਂ 80 ਗ੍ਰਾਮ ਪ੍ਰੋਕਲੇਮ 5 ਐਸ. ਜੀ. (ਐਮਾਮੈਕਟਿਨ ਬੈਂਜ਼ੋਏਟ) ਜਾਂ 100 ਮਿਲੀਲੀਟਰ ਸੁਮੀਸੀਡੀਨ 20 ਈ. ਸੀ. (ਫੈਨਵਲਰੇਟ) ਜਾਂ 200 ਮਿਲੀਲੀਟਰ ਰਿਪਕਾਰਡ 10 ਈ. ਸੀ. (ਸਾਈਪਰਮੈਥਰਿਨ) ਜਾਂ 160 ਮਿਲੀਲੀਟਰ ਡੈਸਿਸ 2.8 ਈ. ਸੀ. (ਡੈਲਟਾਮੈਥਰਿਨ) 100-125 ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਛਿੜਕੋ। ਪ੍ਰੋਕਲੇਮ ਦੇ ਛਿੜਕਾਅ ਤੋਂ ਬਾਅਦ 3 ਦਿਨ ਅਤੇ ਕੋਰਾਜ਼ਨ ਦੇ ਛਿੜਕਾਅ ਤੋਂ ਬਾਅਦ 7 ਦਿਨਾਂ ਤੱਕ ਫਲ ਨਾ ਤੋੜੋ। ਛਿੜਕਾਅ ਕਰਨ ਤੋਂ ਪਹਿਲਾਂ ਪੱਕੇ ਫਲ ਤੋੜ ਲਵੋ ਅਤੇ ਕਾਣੇ ਫਲ ਤੋੜ ਕੇ ਜ਼ਮੀਨ ਵਿੱਚ ਡੂੰਘੇ ਦਬਾ ਦਿਉ। ਜੁਲਾਈ ਦੇ ਪਹਿਲੇ ਹਫਤੇ ਬਰਸਾਤਾਂ ਪੈਣ ਕਾਰਨ ਮੌਸਮ ਮਿਰਚਾਂ ਅਤੇ ਟਾਹਣੀਆਂ ਦੇ ਸੋਕੇ ਅਤੇ ਗਾਲ੍ਹੇ ਦੇ ਹਮਲੇ ਲਈ ਅਨੁਕੂਲ ਬਣ ਰਿਹਾ ਹੈ। ਇਸ ਲਈ ਮਿਰਚਾਂ ਦੀ ਫ਼ਸਲ 'ਤੇ 250 ਮਿਲੀਲੀਟਰ ਫੋਲੀਕਰ ਜਾਂ 750 ਗ੍ਰਾਮ ਇੰਡੋਫਿਲ ਐਮ-45 ਜਾਂ ਬਲਾਈਟੌਕਸ ਨੂੰ 250 ਲੀਟਰ ਪਾਣੀ ਵਿੱਚ ਘੋਲ ਕੇ 10 ਦਿਨਾਂ ਦੇ ਵਕਫੇ 'ਤੇ ਛਿੜਕਾਅ ਕਰੋ।

**ਬਾਗਬਾਨੀ** : ਫਲਦਾਰ ਬੂਟਿਆਂ ਖਾਸ ਕਰਕੇ ਨਿੰਬੂ ਜਾਤੀ ਦੇ ਬੂਟੇ, ਅਮਰੂਦ, ਅੰਬ, ਲੀਚੀ, ਬਿੱਲ, ਆਮਲਾ ਆਦਿ ਦੇ ਬੂਟਿਆਂ ਦੀ ਲੁਵਾਈ ਦਾ ਕੰਮ ਸ਼ੁਰੂ ਕੀਤਾ ਜਾ ਸਕਦਾ ਹੈ। ਜਿਹੜੇ ਅਮਰੂਦਾਂ ਦੇ ਬਾਗਾਂ ਵਿੱਚ ਫਲ ਦਾ ਆਕਾਰ ਬਣ ਗਿਆ ਹੈ ਅਤੇ ਫਲਾਂ ਦਾ ਰੰਗ ਬਦਲਣਾ ਸ਼ੁਰੂ ਹੋ ਗਿਆ ਹੈ, ਉਹਨਾਂ ਬਾਗਾਂ ਵਿੱਚ ਵੀ ਪੀ. ਏ. ਯੂ. ਫਰੂਟ ਫਲਾਈ ਟਰੈਪ ਲਗਾਏ ਜਾ ਸਕਦੇ ਹਨ। ਘਰੇਲੂ ਪੱਧਰ 'ਤੇ ਅਮਰੂਦਾਂ ਦੇ ਫਲਾਂ ਨੂੰ ਨਾਨ-ਵੂਵਨ ਲਿਫਾਫਿਆਂ ਨਾਲ ਵੀ ਢਕਿਆ ਜਾ ਸਕਦਾ ਹੈ। ਨਿੰਬੂ ਜਾਤੀ ਦੇ ਫਲਾਂ ਵਿੱਚ ਫਾਈਟਪਥੋਰਾ ਨਾਂ ਦੀ ਬਿਮਾਰੀ ਦੀ ਰੋਕਥਾਮ ਲਈ ਰਿਡੋਮਿਲ ਗੋਲਡ ਜਾਂ ਕਰਜੈਟਐਮ 8 ਨਾਲ ਬੂਟੇ ਦੇ ਹੇਠਾਂ ਵਾਲੀ ਜ਼ਮੀਨ ਨੂੰ ਇਸ ਸਮੇਂ 25 ਗ੍ਰਾਮ ਪ੍ਰਤੀ 10 ਲੀਟਰ ਪਾਣੀ ਪ੍ਰਤੀ ਪੌਦਾ ਦੇ ਹਿਸਾਬ ਨਾਲ ਚੰਗੀ ਤਰ੍ਹਾਂ ਭਿਉਂ ਦਿਉ। ਬਹੁਤ ਜ਼ਿਆਦਾ ਪ੍ਰਭਾਵਿਤ ਬੂਟਿਆਂ ਨੂੰ 50 ਮਿਲੀਲੀਟਰ ਸੋਡੀਅਮ ਹਾਈਪਕਲੋਰਾਈਟ (5%) 10 ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਪੌਦਾ ਪਾਉ। ਇਸ ਘੋਲ ਨਾਲ ਪ੍ਰਭਾਵਿਤ ਬੂਟਿਆਂ ਦੀ ਜ਼ਮੀਨ ਅਤੇ ਮੁੱਖ ਤਣਿਆਂ ਉਪਰ ਚੰਗੀ ਤਰ੍ਹਾਂ ਛਿੜਕਾਅ ਕਰੋ। ਸੋਡੀਅਮ ਹਾਈਪੋਕਲੋਰਾਈਟ ਦੀ ਸਪਰੇਅ ਤੋਂ ਇੱਕ ਹਫਤਾ ਬਾਅਦ 100 ਗ੍ਰਾਮ ਟ੍ਰਾਈਕੋਡਰਮਾ ਐਸਪੈਰੇਲਮ ਦੀ ਪਾਊਡਰ ਥਾਇਓ ਫਾਰਮੂਲੇਸ਼ਨ ਨੂੰ 2.5 ਕਿਲੋ ਰੂੜੀ ਨਾਲ ਮਿਲਾ ਕੇ ਬੂਟੇ ਦੇ ਮੁੱਢ ਅਤੇ ਘੇਰੇ ਵਿੱਚ ਪਾਉਣ ਨਾਲ ਇਸ ਬਿਮਾਰੀ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਜੇਕਰ ਬਾਗਾਂ ਵਿੱਚ ਜਾਂ ਬੂਟਿਆਂ ਦੁਆਲੇ ਬਰਸਾਤ ਦਾ ਪਾਣੀ ਜਮ੍ਹਾਂ ਹੋ ਗਿਆ ਹੋਵੇ ਤਾਂ ਉਸਦੀ ਨਿਕਾਸੀ ਕਰ ਦਿਉ।



**ਪਸ਼ੂ-ਪਾਲਣ** : ਮੀਂਹ ਦੇ ਪਾਣੀ ਕਾਰਨ ਪਸ਼ੂਆਂ ਨੂੰ ਛੂਤ ਅਤੇ ਪਰਜੀਵੀ ਰੋਗਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਮੀਂਹ ਦੇ ਪਾਣੀ ਕਾਰਨ ਹਵਾ ਵਿੱਚ ਨਮੀ ਦਾ ਪੱਧਰ ਵੱਧ ਜਾਂਦਾ ਹੈ, ਜਿਸ ਕਰਕੇ ਮੱਛਰ, ਮੱਖੀਆਂ, ਚਿੱਚੜਾਂ ਆਦਿ ਦੀ ਗਿਣਤੀ ਵੱਧ ਜਾਂਦੀ ਹੈ। ਮੱਛਰ, ਮੱਖੀਆਂ ਦੀ ਭਰਮਾਰ ਕਾਰਨ ਲੰਗੜਾ ਬੁਖਾਰ ਅਤੇ ਕੀੜਿਆਂ ਰਾਹੀਂ ਫੈਲਣ ਵਾਲੀਆਂ ਬਿਮਾਰੀਆਂ ਹੋ ਸਕਦੀਆਂ ਹਨ। ਇਨ੍ਹਾਂ ਦੀ ਰੋਕਥਾਮ ਲਈ ਪੁਖਤਾ ਇੰਤਜਾਮ ਕਰਨ ਦੀ ਲੋੜ ਹੈ। ਗੰਦਾ ਪਾਣੀ ਸਾਲਮੋਨੈਲਾ, ਈ-ਕੋਲਾਈ, ਕਲੋਸਟ੍ਰੀਡੀਅਮ ਅਤੇ ਲੈਪਟੋਸਪਾਇਰਾ ਵਰਗੇ ਖਤਰਨਾਕ ਕੀਟਾਣੂੰਆਂ ਨਾਲ ਦੂਸ਼ਿਤ ਹੋ ਸਕਦਾ ਹੈ। ਦੂਸ਼ਿਤ ਪਾਣੀ ਰਾਹੀਂ ਪਸ਼ੂਆਂ ਦੇ ਪੇਟ ਦੇ ਪਰਜੀਵੀ ਵੀ ਫੈਲ ਸਕਦੇ ਹਨ, ਜਿਹਨਾਂ ਕਰਕੇ ਪਸ਼ੂਆਂ ਵਿੱਚ ਪੀਲੀਆ ਅਤੇ ਮੋਕ ਵਰਗੇ ਲੱਛਣ ਵੇਖਣ ਨੂੰ ਮਿਲ ਸਕਦੇ ਹਨ। ਇਸ ਲਈ ਪਸ਼ੂਆਂ ਨੂੰ ਖੜ੍ਹੇ ਪਾਣੀ ਤੋਂ ਦੂਰ ਰੱਖੋ ਅਤੇ ਕਿਰਮ ਰਹਿਤ ਕਰੋ।

# ਛੋਟੇ ਕਿਸਾਨਾਂ ਨੂੰ ਮਜ਼ਬੂਤ ਬਣਾਉਣ ਲਈ ਸੇਫੈਕਸ ਕੈਮੀਕਲਜ਼ ਨੇ ਬਾਇਰ ਨਾਲ ਸਾਂਝੇਦਾਰੀ ਕੀਤੀ

Safex
Caring for you to grow

BAYER

ਟਿਕਾਊ ਅਤੇ ਸਮਾਵੇਸ਼ੀ ਖੇਤੀਬਾੜੀ ਨੂੰ ਉਤਸ਼ਾਹਿਤ ਕਰਨ ਲਈ ਇੱਕ ਮਹੱਤਵਪੂਰਨ ਕਦਮ ਚੁੱਕਦੇ ਹੋਏ, ਰਸਾਇਣ ਖੇਤਰ ਦੀ ਅਗਾਂਹਵਧੂ ਕੰਪਨੀ ਸੇਫੈਕਸ ਕੈਮੀਕਲਜ਼ ਨੇ ਬੈਟਰ ਲਾਈਫ ਫਾਰਮਿੰਗ (ਬੀ. ਐਲ. ਐਫ.) ਪਹਿਲਕਦਮੀ ਦੇ ਤਹਿਤ ਬਾਇਰ ਕ੍ਰਾਪ ਸਾਇੰਸ ਨਾਲ ਇੱਕ ਰਣਨੀਤਿਕ ਸਾਂਝੇਦਾਰੀ ਕੀਤੀ ਹੈ। ਇਸ ਸਹਿਯੋਗ ਨਾਲ ਹਜ਼ਾਰਾਂ ਛੋਟੇ ਕਿਸਾਨਾਂ ਨੂੰ ਲਾਭ ਹੋਵੇਗਾ ਕਿਉਂਕਿ ਉਨ੍ਹਾਂ ਨੂੰ ਫਸਲ ਉਤਪਾਦਕਤਾ ਵਿੱਚ ਸੁਧਾਰ ਕਰਨ ਅਤੇ ਰੋਜ਼ੀ-ਰੋਟੀ ਵਧਾਉਣ ਦੇ ਉਦੇਸ਼ ਨਾਲ ਨਵੀਨਤਾਕਾਰੀ, ਕਿਫਾਇਤੀ ਅਤੇ ਟਿਕਾਊ ਹੱਲ ਪ੍ਰਦਾਨ ਕੀਤੇ ਜਾਣਗੇ। ਇਸ ਪਹਿਲਕਦਮੀ ਦਾ ਪਹਿਲਾ ਪੜਾਅ ਬਿਹਾਰ ਅਤੇ ਉੱਤਰ ਪ੍ਰਦੇਸ਼ ਵਿੱਚ 400 ਬੈਟਰ ਲਾਈਫ ਫਾਰਮਿੰਗ ਕੇਂਦਰਾਂ 'ਤੇ ਕੇਂਦ੍ਰਿਤ ਹੋਵੇਗਾ, ਜਿੱਥੇ ਸੀਮਾਂਤ ਕਿਸਾਨਾਂ ਦੀ ਇੱਕ ਵੱਡੀ ਆਬਾਦੀ ਵੰਚਿਤ ਹੈ। ਇਸ ਸਹਿਯੋਗ ਰਾਹੀਂ, ਸੇਫੈਕਸ ਆਪਣੇ ਫਸਲ ਸੁਰੱਖਿਆ ਹੱਲ ਅਤੇ ਟਿਕਾਊ ਖੇਤੀ ਦੇ ਤਰੀਕਿਆਂ ਨੂੰ ਪੇਸ਼ ਕਰੇਗਾ, ਜਿਸ ਨਾਲ ਕਿਸਾਨਾਂ ਨੂੰ ਵਧੇਰੇ ਸਮਾਰਟ, ਸਰੋਤ-ਕੁਸ਼ਲ ਤਕਨੀਕਾਂ ਅਪਣਾ ਸਕਣਗੇ, ਜਿਸ ਨਾਲ ਪ੍ਰਤੀ ਯੂਨਿਟ ਜ਼ਮੀਨ ਦੀ ਉਤਪਾਦਕਤਾ ਅਤੇ ਮੁਨਾਫਾ ਪ੍ਰਾਪਤ ਹੋਵੇਗਾ।




ਬੈਟਰ ਲਾਈਫ ਫਾਰਮਿੰਗ ਪਹਿਲਕਦਮੀ ਇੱਕ ਗਲੋਬਲ, ਬਹੁ-ਹਿੱਤਧਾਰਕ ਸਾਂਝੇਦਾਰੀ ਹੈ, ਜਿਸਦੀ ਅਗਵਾਈ ਬਾਇਰ ਏਜੀ ਦੁਆਰਾ ਅੰਤਰਰਾਸ਼ਟਰੀ ਵਿੱਤ ਨਿਗਮ (ਆਈ. ਐਫ. ਸੀ.), ਨੇਟਾਫਿਮ ਅਤੇ ਯਾਰਾ ਫਰਟੀਲਾਈਜ਼ਰਜ਼ ਦੇ ਸਹਿਯੋਗ ਨਾਲ ਕੀਤੀ ਜਾ ਰਹੀ ਹੈ। ਇਸ ਪਹਿਲਕਦਮੀ ਨੂੰ ਛੋਟੇ ਕਿਸਾਨਾਂ ਦੀ ਪ੍ਰਮੁੱਖ ਮੁੱਲ ਲੜੀ ਜ਼ਰੂਰਤਾਂ ਨੂੰ ਸੰਬੋਧਿਤ ਕਰਨ, ਉਨ੍ਹਾਂ ਦੀ ਖੇਤੀਬਾੜੀ ਸਮਰੱਥਾ ਨੂੰ ਅਨਲੌਕ ਕਰਨ ਅਤੇ ਕਿਸਾਨ ਭਾਈਚਾਰਿਆਂ ਵਿੱਚ ਮੁਨਾਫਾ ਅਤੇ ਲਚਕੀਲਾਪਣ ਵਧਾਉਣ ਲਈ ਡਿਜ਼ਾਇਨ ਕੀਤਾ ਗਿਆ ਹੈ। ਸੇਫੈਕਸ ਕੈਮੀਕਲਜ਼ ਇੱਕ ਵਿਸ਼ੇਸ਼ ਰਸਾਇਣ ਕੰਪਨੀ ਹੈ, ਜੋ ਖੇਤੀਬਾੜੀ ਰਸਾਇਣਾਂ 'ਤੇ ਕੇਂਦ੍ਰਿਤ ਹੈ। ਇਸ ਸਾਂਝੇਦਾਰੀ ਵਿੱਚ, ਸੇਫੈਕਸ ਕੈਮੀਕਲਜ਼ ਕਿਸਾਨਾਂ ਨੂੰ ਬਿਹਤਰ ਹੁਨਰ ਪ੍ਰਦਾਨ ਕਰਨ ਅਤੇ ਏਕੀਕ੍ਰਿਤ ਕੀਟ ਪ੍ਰਬੰਧਨ (ਆਈ. ਪੀ. ਐਮ.) ਅਤੇ ਏਕੀਕ੍ਰਿਤ ਪੌਸ਼ਟਿਕ ਪ੍ਰਬੰਧਨ (ਆਈ. ਐਨ. ਐਮ.) ਦੇ ਗਿਆਨ ਨਾਲ ਬੀ. ਐਲ. ਐਫ. ਕੇਂਦਰਾਂ ਦਾ ਸਮਰਥਨ ਕਰਨ ਵਿੱਚ ਮੁੱਖ ਭੂਮਿਕਾ ਨਿਭਾਏਗਾ। ਇਹ ਯਤਨ ਛੋਟੇ ਕਿਸਾਨਾਂ ਨੂੰ ਉਨ੍ਹਾਂ ਦੀਆਂ ਸਥਾਨਕ (ਲੋਕਲ) ਸਥਿਤੀਆਂ ਦੇ ਅਨੁਸਾਰ ਲਾਗਤ ਪ੍ਰਭਾਵਸ਼ਾਲੀ ਫਸਲ ਸੁਰੱਖਿਆ ਅਤੇ ਪੋਸ਼ਣ ਅਭਿਆਸਾਂ ਨੂੰ ਅਪਣਾਉਣ ਵਿੱਚ ਸਹਾਇਤਾ ਕਰਨਗੇ। ਸਹਿਯੋਗ ਬਾਰੇ ਬੋਲਦਿਆਂ, ਸੇਫੈਕਸ ਕੈਮੀਕਲਜ਼ ਦੇ ਚੇਅਰਮੈਨ ਐਸ. ਕੇ. ਚੌਧਰੀ ਨੇ ਕਿਹਾ ਕਿ, "ਸਾਨੂੰ ਬੇਹਤਰ ਜੀਵਨ ਖੇਤੀ ਪਹਿਲ ਤੇ ਬਾਇਰ ਕ੍ਰਾਪ ਸਾਇੰਸ ਨਾਲ ਸਹਿਯੋਗ ਕਰਨ 'ਤੇ ਮਾਣ ਹੈ। ਇਹ ਕਿਸਾਨਾਂ ਨੂੰ ਸਹੀ ਉਪਕਰਣ ਅਤੇ ਗਿਆਨ ਪ੍ਰਦਾਨ ਕਰਨ ਦੇ ਸਾਡੇ ਦੀਰਘਕਾਲਿਕ ਦ੍ਰਿਸ਼ਟੀਕੋਣ ਨਾਲ ਪੂਰੀ ਤਰ੍ਹਾਂ ਮੇਲ ਖਾਂਦਾ ਹੈ। ਇਕੱਠੇ ਮਿਲ ਕੇ, ਸਾਡਾ ਉਦੇਸ਼ ਅਜਿਹੇ ਸਮਾਧਾਨ ਪ੍ਰਦਾਨ ਕਰਨਾ ਹੈ, ਜੋ ਨਾ ਸਿਰਫ ਉਪਜ ਨੂੰ ਬਿਹਤਰ ਬਣਾਉਣ, ਸਗੋਂ ਖੇਤੀ ਆਮਦਨ ਨੂੰ ਵਧਾਉਣ ਅਤੇ ਵਾਤਾਵਰਣ ਸੁਰੱਖਿਆ ਨੂੰ ਉਤਸ਼ਾਹਿਤ ਕਰਨ।"

## ਸਾਉਣੀ ਰੁੱਤ ਦੀ
# ਮੱਕੀ ਵਿੱਚ ਕਿਵੇਂ ਕਰੀਏ ਨਦੀਨਾਂ ਦੀ ਰੋਕਥਾਮ

**ਮਨਪ੍ਰੀਤ ਸਿੰਘ, ਤਰਨਦੀਪ ਕੌਰ ਅਤੇ ਸਿਮਰਜੀਤ ਕੌਰ, ਫ਼ਸਲ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ**
(ਮੋ. 98146-28993)



ਮੱਕੀ ਦੀਆਂ ਕਤਾਰਾਂ ਵਿੱਚ ਜ਼ਿਆਦਾ ਫਾਸਲਾ ਅਤੇ ਸ਼ੁਰੂਆਤੀ ਵਾਧੇ ਸਮੇਂ ਬਾਰਿਸ਼ ਹੋਣ ਕਰਕੇ ਕਈ ਵਾਰ ਨਦੀਨ ਕਾਫ਼ੀ ਹੋ ਜਾਂਦੇ ਹਨ ਅਤੇ ਜੇਕਰ ਸ਼ੁਰੂ ਵਿੱਚ ਨਦੀਨਾਂ ਉੱਪਰ ਸਹੀ ਢੰਗ ਨਾਲ ਕਾਬੂ ਨਾ ਪਾਇਆ ਜਾਵੇ, ਤਾਂ ਨਦੀਨ ਮੱਕੀ ਦੇ ਵਾਧੇ ਅਤੇ ਝਾੜ ਉੱਪਰ ਕਾਫ਼ੀ ਮਾੜਾ ਅਸਰ ਪਾਉਂਦੇ ਹਨ। ਮਧਾਣਾ, ਮੱਕੜਾ, ਚਿੜੀਆਂ ਦਾ ਦਾਣਾ, ਤੱਕੜੀ ਘਾਹ, ਇੱਟਸਿਟ, ਚੁਲਾਈ, ਤਾਂਦਲਾ, ਡੀਲਾ/ਮੋਥਾ ਆਦਿ ਸਾਉਣੀ ਰੁੱਤ ਦੀ ਮੱਕੀ ਦੇ ਪ੍ਰਮੁੱਖ ਨਦੀਨ ਹਨ। ਸਾਉਣੀ ਰੁੱਤ ਦੀ ਮੱਕੀ ਵਿੱਚ ਹੇਠ ਲਿਖੇ ਕਾਸ਼ਤਕਾਰੀ ਅਤੇ ਰਸਾਇਣਿਕ ਢੰਗ ਅਪਣਾਉਣ ਲਈ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ :-

★ ਮੱਕੀ ਵਿੱਚ ਨਦੀਨਾਂ ਦੀ ਰੋਕਥਾਮ ਲਈ ਬਿਜਾਈ ਤੋਂ 15-30 ਦਿਨਾਂ ਬਾਅਦ ਦੋ ਗੋਡੀਆਂ ਖੁਰਪੇ ਜਾਂ ਕਸੌਲੇ ਜਾਂ ਤ੍ਰਿਫਾਲੀ ਜਾਂ ਟਰੈਕਟਰ ਨਾਲ ਲੱਗੇ ਟਿੱਲਰ ਨਾਲ ਕਰੋ ਜਾਂ ਫਿਰ ਬਿਜਾਈ ਸਮੇਂ 30 ਕੁਇੰਟਲ ਪ੍ਰਤੀ ਏਕੜ ਝੋਨੇ ਦੀ ਪਰਾਲੀ ਇਕਸਾਰ ਵਿਛਾ ਕੇ ਵੀ ਮੌਸਮੀ ਨਦੀਨਾਂ ਤੋਂ ਕਾਫ਼ੀ ਹੱਦ ਤੱਕ ਛੁਟਕਾਰਾ ਪਾਇਆ ਜਾ ਸਕਦਾ ਹੈ।

★ ਜੇਕਰ ਮੱਕੀ ਦੀਆਂ ਕਤਾਰਾਂ ਵਿੱਚ ਬਿਜਾਈ ਸਮੇਂ ਇੱਕ ਜਾਂ ਦੋ ਕਤਾਰਾਂ ਰਵਾਂਹ ਦੀਆਂ ਬੀਜੀਆਂ ਅਤੇ 35-45 ਦਿਨਾਂ 'ਤੇ ਚਾਰੇ ਵਾਸਤੇ ਕੱਟ ਲਈਆਂ ਜਾਣ ਤਾਂ ਮੱਕੀ ਵਿੱਚ ਇਸ ਤੋਂ ਬਾਅਦ ਨਦੀਨਾਂ ਦੀ ਸਮੱਸਿਆ ਘੱਟ ਆਉਂਦੀ ਹੈ।

★ ਰਸਾਇਣਿਕ ਢੰਗ ਨਾਲ ਨਦੀਨਾਂ ਦੀ ਰੋਕਥਾਮ ਲਈ ਐਟਰਾਟਾਫ / ਐਟਰਾਗੋਲਡ / ਮਾਸਟਾਫ / ਅਟਾਰੀ / ਟਰੈਕਸ 50 ਡਬਲਯੂ. ਪੀ. (ਐਟਰਾਜ਼ੀਨ) ਹਲਕੀਆਂ ਜ਼ਮੀਨਾਂ ਲਈ 500 ਗ੍ਰਾਮ ਅਤੇ ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ ਲਈ 800 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਲ 200 ਲੀਟਰ ਪਾਣੀ ਵਿੱਚ ਘੋਲ ਕੇ ਬਿਜਾਈ ਤੋਂ 10 ਦਿਨਾਂ ਦੇ ਅੰਦਰ ਛਿੜਕਾਅ ਕਰੋ ਜਾਂ ਐਟਰਾਜ਼ੀਨ 250 ਗ੍ਰਾਮ ਪ੍ਰਤੀ ਏਕੜ ਨੂੰ ਫ਼ਸਲ ਦੀਆਂ ਕਤਾਰਾਂ 'ਤੇ ਚੌੜੀ ਪੱਟੀ (20 ਸੈਂਟੀਮੀਟਰ) ਵਿੱਚ ਛਿੜਕਾਅ ਕਰੋ ਅਤੇ ਉਸ ਤੋਂ ਬਾਅਦ ਕਤਾਰਾਂ ਵਿਚਕਾਰ 15-30 ਦਿਨਾਂ ਉੱਤੇ ਗੋਡੀ ਕਰ ਦਿਉ। ਇਹ ਨਦੀਨ-ਨਾਸ਼ਕ ਘਾਹ ਵਾਲੇ ਨਦੀਨ ਅਤੇ ਚੌੜੀ ਪੱਤੀ ਵਾਲੇ ਨਦੀਨ ਖਾਸ ਕਰਕੇ ਇੱਟਸਿਟ ਉੱਤੇ ਬਹੁਤ ਕਾਰਗਰ ਹੈ।

★ ਇਸ ਤੋਂ ਇਲਾਵਾ ਬਿਜਾਈ ਤੋਂ 20 ਦਿਨਾਂ 'ਤੇ ਮੌਸਮੀ ਨਦੀਨਾਂ ਦੀ ਰੋਕਥਾਮ ਲਈ 105 ਮਿਲੀਲੀਟਰ ਪ੍ਰਤੀ ਏਕੜ ਲੌਡਿਸ 420 ਐਸ. ਸੀ. (ਟੈਂਬੋਟਰਾਇਨ) ਦਾ ਛਿੜਕਾਅ 150 ਲੀਟਰ ਪਾਣੀ ਵਿੱਚ ਘੋਲ ਕੇ ਕਰੋ।

★ ਡੀਲੇ/ਮੋਥੇ ਦੀ ਰੋਕਥਾਮ ਲਈ 2,4-ਡੀ ਅਮਾਈਨ ਸਾਲਟ 58 ਐਸ. ਐਲ. 400 ਮਿਲੀਲੀਟਰ ਪ੍ਰਤੀ ਏਕੜ ਦੇ ਹਿਸਾਬ ਨਾਲ ਬਿਜਾਈ ਤੋਂ 20-25 ਦਿਨਾਂ ਬਾਅਦ 150 ਲੀਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ।

**ਨਦੀਨ-ਨਾਸ਼ਕ ਦੇ ਛਿੜਕਾਅ ਲਈ ਕੇਵਲ ਫਲੈਟ ਫੈਨ (ਕੱਟ ਵਾਲੀ) ਜਾਂ ਫਲੱਡ ਜੈਟ (ਟੱਕ ਵਾਲੀ) ਨੋਜ਼ਲ ਹੀ ਵਰਤੋ। ਨਦੀਨ-ਨਾਸ਼ਕ ਦਾ ਛਿੜਕਾਅ ਹਮੇਸ਼ਾਂ ਵੱਤਰ ਖੇਤ ਵਿੱਚ ਕਰੋ।**

## ਹਰਿਆਣਾ 'ਚ ਲੱਗੇ ਫਲ਼ਾਂ ਦੇ ਮੇਲੇ 'ਚ
# ਪਟਿਆਲਾ ਦੀਆਂ ਫਲਾਂ ਤੋਂ ਤਿਆਰ ਵਸਤਾਂ ਰਹੀਆਂ ਖਿੱਚ ਦਾ ਕੇਂਦਰ







ਫਲਾਂ ਦੇ ਮੇਲੇ ਦੌਰਾਨ ਬਾਗਬਾਨੀ ਵਿਭਾਗ ਪਟਿਆਲਾ ਦੀਆਂ ਪ੍ਰਦਰਸ਼ਨੀਆਂ।

** ਬਾਗ਼ਬਾਨੀ ਵਿਭਾਗ ਪਟਿਆਲਾ ਵੱਲੋਂ ਹਰਿਆਣਾ 'ਚ ਲੱਗੇ ਫਲਾਂ ਦੇ ਮੇਲੇ 'ਚ ਸ਼ਮੂਲੀਅਤ * ਮੇਲੇ 'ਚ ਫਲਾਂ ਤੋਂ ਤਿਆਰ ਆਚਾਰ, ਜੈਮ, ਚਟਨੀ, ਸੁਕੈਸ਼ ਤੇ ਜੂਸ ਦੀਆਂ ਪ੍ਰਦਰਸ਼ਨੀਆਂ ਨੇ ਪਟਿਆਲਾ ਦੀ ਵੱਖਰੀ ਪਹਿਚਾਣ ਬਣਾਈ*

ਬਾਗ਼ਬਾਨੀ ਤੇ ਸੈਰ ਸਪਾਟਾ ਵਿਭਾਗ ਹਰਿਆਣਾ ਵੱਲੋਂ ਪਿੰਜੌਰ ਵਿਖੇ ਲਗਾਏ ਗਏ ਤਿੰਨ ਰੋਜ਼ਾ ਮੈਂਗੋ ਮੇਲੇ 'ਚ ਬਾਗ਼ਬਾਨੀ ਵਿਭਾਗ ਪਟਿਆਲਾ ਵੱਲੋਂ ਭਾਗ ਲੈ ਕੇ ਵਿਭਾਗ ਵੱਲੋਂ ਪੈਦਾ ਕੀਤੇ ਜਾ ਰਹੇ ਵੱਖ-ਵੱਖ ਕਿਸਮਾਂ ਦੇ ਅੰਬਾਂ ਅਤੇ ਅੰਬਾਂ ਤੋਂ ਤਿਆਰ ਕੀਤੇ ਗਏ ਹੋਰ ਸਾਮਾਨ ਦੀ ਪ੍ਰਦਰਸ਼ਨੀ ਲਗਾਈ ਗਈ, ਜੋ ਮੇਲੇ 'ਚ ਪੁੱਜੇ ਹਜ਼ਾਰਾਂ ਦੀ ਗਿਣਤੀ 'ਚ ਲੋਕਾਂ ਲਈ ਖਿੱਚ ਦਾ ਕੇਂਦਰ ਰਹੀ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ ਬਾਗ਼ਬਾਨੀ ਸੰਦੀਪ ਸਿੰਘ ਗਰੇਵਾਲ ਦੱਸਿਆ ਕਿ ਅੰਬ ਮੇਲੇ 'ਚ ਵਿਭਾਗ ਵੱਲੋਂ ਲਗਾਈ ਪ੍ਰਦਰਸ਼ਨੀ ਵਿੱਚ ਦੁਸ਼ਹਿਰੀ, ਲੰਗੜਾ, ਮਲਿਕਾ, ਮੀਆਜ਼ਾਕੀ, ਰਾਮ ਕੇਲਾ, ਕੁੱਪੀ ਆਦਿ ਕਿਸਮਾਂ ਪ੍ਰਦਰਸ਼ਿਤ ਕੀਤੀਆਂ ਗਈਆਂ। ਇਸ ਤੋਂ ਇਲਾਵਾ ਅੰਬ ਦੇ ਆਚਾਰ, ਜੈਮ, ਚਟਨੀ, ਸੁਕੈਸ਼, ਅਤੇ ਜੂਸ ਆਦਿ ਵੀ ਪ੍ਰਦਰਸ਼ਿਤ ਕੀਤੇ ਗਏ। ਉਨ੍ਹਾਂ ਦੱਸਿਆ ਕਿ ਮੇਲੇ ਵਿੱਚ ਬਾਗ਼ਬਾਨੀ ਵਿਭਾਗ ਪੰਜਾਬ ਨੂੰ ਉਸ ਦੀ ਵਧੀਆ ਪ੍ਰਦਰਸ਼ਨੀ ਲਈ ਸਨਮਾਨਿਤ ਕੀਤਾ ਗਿਆ। ਡਿਪਟੀ ਡਾਇਰੈਕਟਰ ਨੇ ਦੱਸਿਆ ਕਿ ਮੇਲੇ ਦੌਰਾਨ ਪਟਿਆਲਾ ਜ਼ਿਲ੍ਹੇ ਦੇ ਪਿੰਡ ਖੇੜੀ ਮੁਸਲਮਾਨੀਆਂ ਦੇ ਕਿਸਾਨ ਅਜੀਤ ਸਿੰਘ (ਬਾਵਾ) ਵੱਲੋਂ ਵੱਖ—ਵੱਖ ਕਿਸਮਾਂ ਅਤੇ ਫਲ਼ ਪਦਾਰਥਾਂ ਦੀ ਪ੍ਰਦਰਸ਼ਨੀ ਲਗਾਈ ਗਈ ਅਤੇ 11 ਹਜ਼ਾਰ ਰੁਪਏ ਦਾ ਨਕਦ ਇਨਾਮ, ਟਰਾਫ਼ੀ ਅਤੇ ਸਰਟੀਫਿਕੇਟ ਨਾਲ ਪੰਜਾਬ ਸਟੇਟ ਵੱਲੋਂ ਸਨਮਾਨਿਤ ਕੀਤਾ ਗਿਆ। ਉਨ੍ਹਾਂ ਪਟਿਆਲਾ ਜ਼ਿਲ੍ਹੇ ਦੇ ਬਾਗ਼ਬਾਨਾਂ ਨੂੰ ਅਜਿਹੇ ਮੇਲਿਆਂ 'ਚ ਵੱਧ ਤੋਂ ਵੱਧ ਸ਼ਮੂਲੀਅਤ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਇਸ ਨਾਲ ਜਿੱਥੇ ਨਵੀਂਆਂ ਕਿਸਮਾਂ ਤੇ ਤਕਨੀਕਾਂ ਦੀ ਜਾਣਕਾਰੀ ਮਿਲਦੀ ਹੈ, ਉੱਥੇ ਹੀ ਕਾਰੋਬਾਰ ਨੂੰ ਵਧਾਉਣ ਦੇ ਮੌਕੇ ਵੀ ਪ੍ਰਦਾਨ ਹੁੰਦੇ ਹਨ। ਇਸ ਮੌਕੇ ਇੰਚਾਰਜ ਅਮਰੂਦ ਅਸਟੇਟ ਵਜੀਦਪੁਰ ਪਟਿਆਲਾ ਹਰਿੰਦਰਪਾਲ ਸਿੰਘ ਵੀ ਮੌਜੂਦ ਸਨ।

# ਵੱਖ-ਵੱਖ ਫਲਦਾਰ ਬੂਟਿਆਂ ਦੀ ਕਿਸਮਾਂ ਬਾਰੇ ਮਹੱਤਵਪੂਰਨ ਜਾਣਕਾਰੀ



**ਡਾ. ਸਵਰਨ ਸਿੰਘ ਮਾਨ,**
ਸਾਬਕਾ ਡਿਪਟੀ ਡਾਇਰੈਕਟਰ
ਬਾਗਬਾਨੀ, ਪਟਿਆਲਾ ।
ਮੋ : 75080-18903

ਫਲਦਾਰ ਬੂਟੇ ਘਰੇਲੂ ਪੱਧਰ ਜਾਂ ਵਪਾਰਕ ਪੱਧਰ 'ਤੇ ਲਾਉਣ ਤੋਂ ਪਹਿਲਾਂ ਉਹਨਾਂ ਦੀਆਂ ਕਿਸਮਾਂ ਬਾਰੇ ਜਾਣਕਾਰੀ ਲੈਣਾ ਬਹੁਤ ਹੀ ਮਹੱਤਵਪੂਰਣ ਹੈ । ਜੇਕਰ ਅਸੀਂ ਕਿਸੇ ਪ੍ਰਾਈਵੇਟ ਜਾਂ ਸਾਈਕਲ ਤੇ ਵੇਚਣ ਵਾਲੇ ਤੋਂ ਫਲਦਾਰ ਬੂਟੇ ਖਰੀਦਦੇ ਹਾਂ, ਤਾਂ ਤੁਹਾਡੇ ਲਈ ਕਾਫੀ ਨੁਕਸਾਨਦੇਹ ਹੋ ਸਕਦਾ ਹੈ ਕਿਉਕਿ ਫਲਦਾਰ ਬੂਟੇ ਨੇ ਫਲ 4-5 ਸਾਲ ਬਾਦ ਦੇਣਾ ਹੁੰਦਾ ਹੈ ਜੇਕਰ ਕੋਈ ਕਿਸਮ ਮਾੜੀ ਨਿਕਲ ਗਈ ਤਾਂ ਤੁਹਾਡਾ ਆਰਥਿਕ ਤੌਰ ਤੇ ਕਾਫੀ ਨੁਕਸਾਨ ਹੋ ਜਾਂਦਾ ਹੈ ਜਿਵੇਂ ਬੂਟਿਆਂ ਦੀ ਖ੍ਰੀਦ ਕਰਨ ਸਮੇਂ ਖਰਚਾ, ਢੋਆ-ਢੁਆਈ, ਲੇਬਰ ਦਾ ਖਰਚਾ ਅਤੇ ਸਭ ਤੋਂ ਵੱਧ ਪ੍ਰਤੀ-ਏਕੜ ਰਕਬੇ ਵਿਚੋਂ 4-5 ਸਾਲ ਆਮਦਨ ਦਾ ਨਾਂ ਹੋਣਾ । ਸੋ ਕਿਸਾਨ ਭਰਾਵਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਆਪ ਉਕਤ ਬੂਟੇ ਬਾਗਬਾਨੀ ਵਿਭਾਗ ਪੰਜਾਬ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਜਾਂ ਨੈਸ਼ਨਲ ਬਾਗਬਾਨੀ ਬੋਰਡ ਤੋਂ ਪ੍ਰਵਾਨਤ ਨਰਸਰੀਆਂ ਤੋਂ ਹੀ ਫਲਦਾਰ ਬੂਟੇ ਖ੍ਰੀਦਣੇ ਚਾਹੀਦੇ ਹਨ। ਵੱਖ-ਵੱਖ ਫਲਦਾਰ ਬੂਟਿਆਂ ਦੀਆਂ ਕਿਸਮਾਂ ਬਾਰੇ ਜਾਣਕਾਰੀ ਹੇਠ ਲਿਖੇ (ਸਾਰਣੀ-1) ਅਨੁਸਾਰ ਹੈ ।

ਉਕਤ ਫਲਦਾਰ ਬੂਟਿਆਂ ਵਿਚੋਂ ਨਿੰਬੂ ਜਾਤੀ, ਅਮਰੂਦ, ਅੰਬ, ਬੇਰ, ਲੀਚੀ, ਚੀਕੂ, ਪਪੀਤਾ, ਲੁਕਾਠ, ਖਜੂਰ ਤੇ ਬਿਲ ਆਦਿ ਜੁਲਾਈ ਤੋਂ ਸਤੰਬਰ ਮਹੀਨੇ ਤੱਕ ਸਫਲਤਾ ਪੂਰਵਕ ਲਗਾਏ ਜਾ ਸਕਦੇ ਹਨ ।

ਇਸੇ ਤਰ੍ਹਾਂ ਨਾਖ, ਆੜੂ, ਅਲੂਚਾ, ਅਨਾਰ, ਫਾਲਸਾ ਤੇ ਅੰਜੀਰ ਜਨਵਰੀ-ਫਰਵਰੀ ਮਹੀਨੇ ਸਫਲਤਾ ਪੂਰਵਕ ਲਗਾਏ ਜਾ ਸਕਦੇ ਹਨ ।

ਆਂਵਲਾ ਅਤੇ ਕੇਲਾ ਫਰਵਰੀ ਮਾਰਚ ਅਤੇ ਅਗਸਤ-ਸਤੰਬਰ ਮਹੀਨੇ ਕਾਮਯਾਬੀ ਨਾਲ ਉਗਾਏ ਜਾ ਸਕਦੇ ਹਨ ।

ਉਕਤ ਬੂਟੇ ਘਰੇਲੂ ਜਾਂ ਵਪਾਰਕ ਪੱਧਰ 'ਤੇ ਲਾਉਣ ਤੋਂ ਇਕ ਮਹੀਨਾ ਪਹਿਲਾਂ ਵਿਉਂਤਬੰਦੀ ਕਰ ਲੈਣੀ ਚਾਹੀਦੀ ਹੈ ਕਿ ਕਿੰਨੇ ਫਾਸਲੇ ਤੇ ਬੂਟੇ ਲਗਾਉਣੇ ਹਨ ਅਤੇ ਉਨ੍ਹਾਂ ਦੇ ਸਟੈਂਡਰਡ ਸਾਈਜ਼ ਦੇ ਟੋਏ (3'x3') ਪੁੱਟ ਕੇ ਤਿਆਰ ਕਰ ਲੈਣੇ ਚਾਹੀਦੇ ਹਨ । ਇਸ ਤੋਂ ਬਿਨ੍ਹਾਂ ਬੂਟਿਆਂ ਦੀ ਬੁਕਿੰਗ ਸਰਕਾਰੀ ਨਰਸਰੀਆਂ ਵਿਚ ਵੀ ਪਹਿਲਾਂ ਹੀ ਕਰਵਾ ਦੇਣੀ ਚਾਹੀਦੀ ਹੈ ਨਹੀਂ ਤਾਂ ਕਈ ਵਾਰ ਮੌਕੇ ਤੇ ਸਹੀ ਕਿਸਮ ਅਤੇ ਸਾਈਜ਼ ਦੇ ਬੂਟੇ ਉਪਲਬਧ ਨਹੀਂ ਹੁੰਦੇ ।



ਬਰਸਾਤ ਰੁੱਤ ਵਿੱਚ ਲੱਗਣ ਵਾਲੇ ਸਾਰੇ ਸਦਾਬਹਾਰ ਬੂਟੇ ਨਰਸਰੀ ਤੋਂ ਲਿਆਉਣ ਸਮੇਂ ਇਸ ਗੱਲ ਦਾ ਖਾਸ ਧਿਆਨ ਰੱਖਿਆ ਜਾਵੇ ਕਿ ਬੂਟੇ ਲੋਡ ਕਰਨ ਤੋਂ ਪਹਿਲਾਂ ਟਰਾਲੀ/ਜੀਪ/ਰੇਹੜੀ ਆਦਿ ਵਿੱਚ ਪਹਿਲਾਂ ਪਰਾਲੀ/ਘਾਹ-ਫੂਸ ਜਾਂ ਮਿੱਟੀ ਪਾ ਲੈਣੀ ਚਾਹੀਦੀ ਹੈ ਤਾਂਕਿ ਢੋਆ-ਢੁਆਈ ਦੌਰਾਨ ਬੂਟੇ ਦੀ ਗਾਚੀ ਨਾ ਟੁੱਟ ਜਾਵੇ, ਨਹੀਂ ਤਾਂ ਜਿਸ ਕਰਕੇ ਬੂਟਿਆਂ ਦੀ ਮਰਨ ਦਰ ਕਾਫੀ ਵੱਧ ਸਕਦੀ ਹੈ। ਜੇਕਰ ਤੁਸੀਂ ਬਾਗ ਲਗਾਉਣਾ ਹੈ ਤਾਂ ਘੱਟੋ-ਘੱਟ 10% ਉਸੇ ਕਿਸਮ ਦੇ ਬੂਟੇ ਵਾਧੂ ਮਾਤਰਾ ਵਿੱਚ ਲੈਣੇ ਚਾਹੀਦੇ ਹਨ । ਨਹੀਂ ਤਾਂ ਬਾਅਦ ਵਿੱਚ ਬੂਟੇ ਮਿਲਣੇ ਮੁਸ਼ਕਿਲ ਹੋ ਜਾਂਦੇ ਹਨ । ਜੇਕਰ ਤੁਸੀਂ ਪੱਤਝੜ ਵਾਲੇ ਬੂਟੇ ਨਰਸਰੀ ਤੋਂ ਲਿਆਉਣੇ ਹਨ ਤਾਂ ਉਨ੍ਹਾਂ ਨੂੰ ਵੀ ਲਿਆਉਣ ਸਮੇਂ ਗਿੱਲੀ ਬੋਰੀ ਨਾਲ ਲਪੇਟ ਕੇ ਲਿਆਉਣੇ ਚਾਹੀਦੇ ਹਨ, ਜਿਸ ਨਾਲ ਬੂਟਿਆਂ ਦੀਆਂ ਜੜ੍ਹਾਂ ਨਹੀਂ ਸੁੱਕਦੀਆਂ ਅਤੇ ਜਖਮੀ ਨਹੀਂ ਹੁੰਦੀਆਂ । ਬੂਟੇ ਲਗਾਉਣ ਸਮੇਂ ਇਸ ਗੱਲ ਦਾ ਵੀ ਧਿਆਨ ਰੱਖਿਆ ਜਾਵੇ ਕਿ ਬੂਟੇ ਦੀ ਪਿਉਂਦ ਵਾਲੀ ਜਗ੍ਹਾਂ ਤੋਂ ਪਲਾਸਟਿਕ ਦੀ ਪੱਟੀ ਕੱਟ ਦੇਣੀ ਚਾਹੀਦੀ ਹੈ, ਨਹੀਂ ਤਾਂ ਬੂਟਾ ਵਾਧੇ ਸਮੇਂ ਘੁੱਟਿਆ ਜਾਂਦਾ ਹੈ ਅਤੇ ਬੂਟਾ ਹਨੇਰੀ ਆਉਣ ਨਾਲ ਟੁੱਟ ਜਾਂਦਾ ਹੈ । ਇਸ ਤੋਂ ਬਿਨਾਂ ਪਿਉਂਦ ਤੋਂ ਹੇਠਾਂ ਨਵੀਂ ਫੁਟੀ ਹੋਈ ਟਾਹਣੀ ਮੌਕੇ 'ਤੇ ਹੀ ਤੋੜ ਦਿਉ ਅਤੇ ਬਾਅਦ ਵਿੱਚ ਵੀ ਲਗਾਤਾਰ ਤੋੜਦੇ ਰਹੋ । ਜੇਕਰ ਬੂਟਾ ਲਾਉਣ ਤੋਂ ਪਹਿਲਾਂ ਪਿਉਂਦ ਵਾਲੀ ਦਵਾਈ ਨਹੀਂ ਪਾਈ ਤਾਂ ਹੁਣ ਪਾਣੀ ਦੇਣ ਸਮੇਂ 20 ਮਿ. ਲੀ. ਕਲੋਰੋਪਾਈਰੀਫਾਸ 20 ਈ. ਸੀ. 10 ਲੀਟਰ ਪਾਣੀ ਵਿੱਚ ਘੋਲ ਕੇ ਪਾ ਦਿਉ । ਜੇਕਰ ਬੂਟਾ ਲਗਾਉਣ ਸਮੇਂ ਟੇਡਾ ਹੁੰਦਾ ਹੈ ਤਾਂ ਉਸ ਨੂੰ ਸੋਟੀ ਗੱਡ ਕੇ ਸਹਾਰਾ ਦੇ ਦਿਉ ।

**ਨਵੇਂ ਬਾਗ ਲਗਾਉਣ ਲਈ ਬਾਗਬਾਨੀ ਵਿਭਾਗ ਪੰਜਾਬ ਵੱਲੋਂ ਸਿਫਾਰਿਸ਼ ਕੀਤੀਆਂ ਕਿਸਮਾਂ ਹੀ ਲਗਾਉ ।**

ਸਾਰਣੀ-1 : ਫਲਦਾਰ ਬੂਟੇ, ਕਿਸਮਾਂ, ਬੂਟਿਆਂ ਵਿਚਕਾਰ ਫਾਸਲਾ ਅਤੇ ਬੂਟਿਆਂ ਦੀ ਗਿਣਤੀ

| ਲ. ਨੰ. | ਫਲਦਾਰ ਬੂਟੇ ਦਾ ਨਾਂ | ਕਿਸਮ | ਬੂਟਿਆਂ ਵਿਚਕਾਰ ਫਾਸਲਾ | ਬੂਟਿਆਂ ਦੀ ਗਿਣਤੀ / ਏਕੜ |
|---|---|---|---|---|
| 1. | ਅੰਬ | 1. ਅਮਰਪਾਲੀ, ਅਚਾਰ ਲਈ--ਰਾਮ ਕੇਲਾ<br>2. ਦੁਸਹਿਰੀ, ਮਲਕਾ, ਅਲਫੈਂਜੋ,<br>3. ਲੰਗੜਾ, ਚੌਂਸਾ, ਚੂਪਣ ਲਈ--ਗੰਗੀਆ ਸੰਧੂਰੀ, ਜੀ ਐੱਨ-1, ਜੀ ਐੱਨ-2, ਜੀ ਐੱਨ-3,ਜੀ ਐੱਨ-4,ਜੀ ਐੱਨ-5, ਜੀ ਐੱਨ-6,ਜੀ ਐੱਨ-17 ਅਤੇ ਦੇਸੀ ਅੰਬ | 20'x20'<br>25'x25'<br>30'x30' | 110<br>72<br>50 |
| 2. | ਅਮਰੂਦ | ਇਲਾਹਾਬਾਦੀ ਸਫੈਦਾ, ਪੰਜਾਬ ਸਫੈਦਾ, ਪੰਜਾਬ ਕਿਰਨ, ਪੰਜਾਬ ਪਿੰਕ, ਸ਼ਵੇਤਾ, ਹਿਸਾਰ, ਸਫੈਦਾ, ਹਿਸਾਬ ਸੁਰਖ | 20'x17'<br>20'x10' | 132<br>220 |
| 3. | ਨਿੰਬੂ ਜਾਤੀ | ਸੰਤਰਾ - ਕਿੰਨੂ, ਡੇਜ਼ੀ, ਮਰਕਟ<br>ਮਾਲਟਾ - ਮੁਸੰਮੀ, ਵਲੈਨਸੀਆ, ਜਾਫਾ, ਬਲੱਡ ਰੈੱਡ<br>ਗਰੇਪ ਫਰੂਟ : ਸਟਾਰ ਰੂਬੀ, ਰੈਡ ਬਲਸ਼, ਮਾਰਸ ਸੀਡਲੈਸ, ਡਨਕਨ, ਫਾਸਟਰ ।<br>ਨਿੰਬੂ - ਪੰਜਾਬ ਬਾਰਾਮਾਸੀ ਲੈਮਨ, ਪੰਜਾਬ ਗਲਗਲ, ਪੀ.ਏ.ਯੂ. ਬਾਰਾਮਾਸੀ ਲੈਮਨ ਨੰ.1, ਯੂਰੇਕਾ, ਕਾਗਜ਼ੀ ਨਿੰਬੂ, ਮਿੱਠਾ | 20'x20'<br>20'x10' | 110<br>220 |
| 4. | ਬੇਰ | ਉਮਰਾਨ, ਸਨੌਰ ਨੰ: 2 | 25'x25' | 72 |
| 5. | ਲੀਚੀ | ਦੇਹਰਾਦੂਨ, ਕਲਕੱਤੀਆ, ਸੀਡਲੈਸ ਲੇਟ | 25'x25' | 72 |
| 6. | ਆਂਵਲਾ | ਐਨ ਏ-7, ਐਨ ਏ-10, ਬਲਵੰਤ, ਨੀਲਮ, ਕੰਚਨ, ਚਕੱਈਆ | 25'x25' | 72 |
| 7. | ਕੇਲਾ | ਗਰੈਂਡ ਨੈਨ | 6'x6' | 1230 |
| 8. | ਚੀਕੂ | ਕਾਲੀ ਪੱਤੀ, ਕਰਿਕਟ ਬਾਲ | 30'x30'<br>25'x25' | 49<br>72 |
| 9. | ਪਪੀਤਾ | ਰੈਡ ਲੇਡੀ-786 (ਹਾਈਬਰਿਡ ਵਰਾਇਟੀ ਮੇਲ ਅਤੇ ਫੀਮੇਲ ਫਲਾਵਰ ਦੋਨੋ), ਹਨੀ ਡਿਊ, ਪੂਸਾ ਡਿਲੀਸੀਅਸ, ਪੰਜਾਬ ਸਵੀਟ | 5'x5'<br>10'x5' | 1760<br>871 |
| 10. | ਅਨਾਰ | ਭਗਵਾ, ਗਨੇਸ਼, ਕੰਧਾਰੀ | 10'x10' | 440 |
| 11. | ਫਾਲਸਾ | ਲੋਕਲ ਵਰਾਇਟੀ | 5'x5'<br>10'x5' | 1760<br>871 |
| 12. | ਲੋਕਾਠ | ਗੋਲਡਨ ਯੈਲੋ, ਪੇਲ ਯੈਲੋ, ਕੈਲੇਫੋਰਨੀਆ ਅਡਵਾਂਸ | 22'x22'<br>20'x20' | 90<br>110 |
| 13. | ਅੰਜ਼ੀਰ | ਲੋਕਲ ਅਤੇ ਬਰਾਊਨ ਟਰਕੀ | 20'x20' | 110 |
| 14. | ਬਿਲ | ਲੋਕਲ ਅਤੇ ਕਾਗਜ਼ੀ | 30'x30' | 49 |
| 15. | ਨਾਖ | ਸਖਤ-ਪੱਥਰ ਨਾਖ, ਨਰਮ-ਪੰਜਾਬ ਨੈਕਟਰ, ਪੰਜਾਬ ਬਿਊਟੀ, ਪੰਜਾਬ ਗੋਲਡ, ਪੰਜਾਬ ਸੋਫਟ | 25'x25' | 72 |
| 16. | ਆੜੂ | ਸ਼ਾਨੇ ਪੰਜਾਬ, ਪ੍ਰਤਾਪ, ਫਲੋਰਡਾ ਪ੍ਰਿੰਸ, ਅਰਲੀ ਗਰੈਂਡ, ਪ੍ਰਭਾਤ, ਪੰਜਾਬ ਨੈਕਟਰੀਨ | 22'x22'<br>20'x20' | 90<br>110 |
| 17. | ਅੰਗੂਰ | ਪਰਲਿਟ, ਫਲੇਮ ਸੀਡਲੈਸ, ਬਿਊਟੀ ਸੀਡਲੈਸ, ਸੁਪੀਰੀਅਰ ਸੀਡਲੈਸ | 10'x10' | 440 |
| 18. | ਆਲੂ ਬੁਖਾਰਾ | ਕਾਲਾ ਅੰਮ੍ਰਿਤਸਰੀ, ਸਤਲੁਜ ਪਰਪਲ । | 20'x20' | 110 |







**ਹੋਰ ਵਧੇਰੇ ਜਾਣਕਾਰੀ ਲਈ ਤੁਸੀਂ ਬਾਗਬਾਨੀ ਵਿਭਾਗ ਪੰਜਾਬ ਜਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਮਾਹਿਰਾਂ ਨਾਲ ਸੰਪਰਕ ਕਰ ਲੈਣਾ ਚਾਹੀਦਾ ਹੈ ।**

RNI/PUNPUN00806 (42269/83) Postage Registered No. PB/PTA/0338/2025-2027

# ਬਾਇਰ ਕ੍ਰਾਪ ਸਾਇੰਸ ਨੇ ਝੋਨੇ ਦੀ ਫਸਲ ਲਈ ਨਵਾਂ ਉੱਲੀਨਾਸ਼ਕ ਉਤਪਾਦ ਫੇਲੂਜੀਤ ਲਾਂਚ ਕੀਤਾ

ਪਿਛਲੇ ਦਿਨੀਂ ਬਾਇਰ ਕ੍ਰਾਪ ਸਾਇੰਸ ਵੱਲੋਂ ਝੋਨੇ ਦੀ ਫ਼ਸਲ ਵਿੱਚ ਸ਼ੀਥ ਬਲਾਈਟ ਦੀ ਰੋਕਥਾਮ ਲਈ ਕਾਰਗਰ ਉਤਪਾਦ ਫੇਲੂਜੀਤ ਨੂੰ ਲਾਂਚ ਕੀਤਾ ਗਿਆ। ਕੰਪਨੀ ਨੇ ਇੱਕ ਬਿਆਨ ਵਿੱਚ ਕਿਹਾ ਕਿ ਇਹ ਉਤਪਾਦ ਜੁਲਾਈ ਤੋਂ ਦੇਸ਼ ਦੇ ਪ੍ਰਮੁੱਖ ਚੌਲ ਉਤਪਾਦਕ ਰਾਜਾਂ ਵਿੱਚ ਉਪਲਬਧ ਹੋਵੇਗਾ।

ਫੇਲੂਜੀਤ, ਪੇਨਫਲੂਫੇਨ ਅਤੇ ਟੇਬੂਕੋਨਾਜ਼ੋਲ ਦੇ ਆਪਣੇ ਵਿਲੱਖਣ ਮਿਸ਼ਰਣ ਨਾਲ, ਕਿਸਾਨਾਂ ਨੂੰ ਸ਼ੀਥ ਬਲਾਈਟ ਨਾਮਕ ਸਥਾਈ ਰੋਗ ਦਾ ਮੁਕਾਬਲਾ ਕਰਨ ਵਿੱਚ ਮਦਦ ਕਰੇਗਾ, ਜਿਸਦੀ ਉਤਪਤੀ ਮਿੱਟੀ ਵਿੱਚ ਹੁੰਦੀ ਹੈ। ਇਹ ਪੌਦੇ ਦੇ ਪੂਰੇ ਸਰੀਰ ਵਿੱਚ ਆਪਣੀ ਦੋਹਰੀ ਕਿਰਿਆਸ਼ੀਲਤਾ ਦੇ ਕਾਰਨ ਸ਼ੀਥ ਝੁਲਸ ਦੇ ਵਿਕਾਸ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੋਕਦਾ ਹੈ, ਜਿਸ ਨਾਲ ਕਿਸਾਨਾਂ ਨੂੰ ਇੱਕ ਭਰੋਸੇਯੋਗ ਹੱਲ ਮਿਲਦਾ ਹੈ, ਜੋ ਫਸਲ ਦੀ ਪੈਦਾਵਾਰ ਅਤੇ ਗੁਣਵੱਤਾ ਨੂੰ ਵਧਾਉਂਦਾ ਹੈ।

ਫੇਲੂਜੀਤ ਦਾ ਇੱਕ ਹੀ ਛਿੜਕਾਅ ਬੇਹਤਰ ਨਤੀਜੇ ਪ੍ਰਦਾਨ ਕਰਦਾ ਹੈ, ਜੋ ਮੌਜੂਦਾ ਬਾਜ਼ਾਰ ਮਿਆਰਾਂ ਨਾਲੋਂ ਦੁੱਗਣੇ ਤੋਂ ਵੀ ਵੱਧ ਸਮੇਂ ਤੱਕ ਰਹਿੰਦਾ ਹੈ। ਇਸ ਦਾ ਮਤਲਬ ਹੈ ਕਿ ਕਿਸਾਨ ਕਈ ਵਾਰ ਛਿੜਕਾਅ ਦੇ ਬੋਝ ਤੋਂ ਬਿਨਾਂ ਪ੍ਰਭਾਵਸ਼ਾਲੀ ਢੰਗ ਨਾਲ ਰੋਗ ਨਿਯੰਤਰਣ ਪ੍ਰਾਪਤ ਕਰ ਸਕਦੇ ਹਨ, ਜਿਸ ਨਾਲ ਸਮਾਂ ਅਤੇ ਮਜ਼ਦੂਰੀ ਲਾਗਤ ਦੋਵਾਂ ਦੀ ਬੱਚਤ ਹੁੰਦੀ ਹੈ।




ਭਾਰਤ, ਬੰਗਲਾਦੇਸ਼ ਅਤੇ ਸ੍ਰੀਲੰਕਾ ਵਿੱਚ ਬਾਇਰ ਦੇ ਫ਼ਸਲ ਵਿਗਿਆਨ ਡਿਵੀਜ਼ਨ ਦੇ ਕਲੱਸਟਰ ਹੈਡ ਸ੍ਰੀ ਮੋਹਨ ਬਾਬੂ ਨੇ ਕਿਹਾ ਕਿ ''ਫੇਲੂਜੀਤ ਕਿਸਾਨਾਂ ਲਈ ਇੱਕ ਬਹੁਤ ਪ੍ਰਭਾਵਸ਼ਾਲੀ ਹੱਲ ਹੈ, ਜੋ ਉਨ੍ਹਾਂ ਦੇ ਖੇਤੀਬਾੜੀ ਪੱਧਤੀਆਂ ਨੂੰ ਸੁਚਾਰੂ ਬਣਾਉਂਦੇ ਹੋਏ ਸ਼ੀਥ ਬਲਾਈਟ ਦੀ ਵਧੀਆ ਢੰਗ ਨਾਲ ਰੋਕਥਾਮ ਕਰਦਾ ਹੈ। ਵਿਸ਼ਵਵਿਆਪੀ ਭੋਜਨ ਸੁਰੱਖਿਆ ਵਿੱਚ ਝੋਨੇ ਦੀ ਮਹੱਤਵਪੂਰਨ ਭੂਮਿਕਾ ਨੂੰ ਦੇਖਦੇ ਹੋਏ, ਸਾਡੀ ਨਵੀਨਤਾ ਕਿਸਾਨਾਂ ਨੂੰ ਘੱਟ ਵਰਤੋਂ ਨਾਲ ਬਿਮਾਰੀਆਂ ਦਾ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਬੰਧਨ ਕਰਨ, ਆਪਣੇ ਸਰੋਤਾਂ ਨੂੰ ਅਨੁਕੂਲ ਬਣਾਉਣ ਅਤੇ ਵਧਦੀਆਂ ਹੋਈਆਂ ਖੇਤੀਬਾੜੀ ਚੁਣੌਤੀਆਂ ਦੇ ਵਿਚਾਲੇ ਆਪਣਾ ਮੁਨਾਫਾ ਵਧਾਉਣ ਦੇ ਯੋਗ ਬਣਾਉਂਦਾ ਹੈ।''

ਫੇਲੂਜੀਤ ਦਾ ਵਿਲੱਖਣ ਵਿਕਰੀ ਪ੍ਰਸਤਾਵ ਇਸਦੇ ਦੋਹਰੇ-ਕਿਰਿਆ ਫਾਰਮੂਲੇਸ਼ਨ ਵਿੱਚ ਹੈ, ਜੋ ਕਿ ਰਾਈਜ਼ੋਕਟੋਨੀਆ, ਸ਼ੀਥ ਬਲਾਈਟ ਪੈਦਾ ਕਰਨ ਵਾਲੇ ਮੁੱਖ ਜੀਵ, ਦਾ ਮੁਕਾਬਲਾ ਕਰਨ ਲਈ ਦੋ ਕਿਰਿਆਸ਼ੀਲ ਤੱਤਾਂ ਦੀਆਂ ਸ਼ਕਤੀਆਂ ਨੂੰ ਜੋੜਦਾ ਹੈ।

ਕੰਪਨੀ ਨੇ 320 ਮਿਲੀਲੀਟਰ ਅਤੇ 1 ਲੀਟਰ ਦੇ ਸੁਵਿਧਾਜਨਕ ਪੈਕਿੰਗ ਵਿੱਚ ਉਪਲਬਧ, ਫੇਲੂਜੀਤ ਸ਼ੀਥ ਬਲਾਈਟ ਵਿਰੁੱਧ ਲੜਾਈ ਵਿੱਚ ਇੱਕ ਜ਼ਰੂਰੀ ਸਾਧਨ ਬਣਨ ਲਈ ਤਿਆਰ ਹੈ।

ਖੇਤੀ ਦੁਨੀਆਂ
ਚੰਦਿਆਂ 'ਤੇ ਵਿਸ਼ੇਸ਼ ਛੂਟ
ਇੱਕ ਸਾਲ ਲਈ 300/- ਰੁਪਏ
ਦੋ ਸਾਲ ਲਈ 500/- ਰੁਪਏ
ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।
ਇਹ ਸਕੀਮ 30 ਸਤੰਬਰ, 2025 ਤੱਕ ਹੈ।
ਵਟਸਐਪ ਰਾਹੀਂ ਪ੍ਰਾਪਤ ਕਰਨ ਲਈ ਸਾਲਾਨਾ ਚੰਦਾ ਸਿਰਫ 100/-* ਰੁਪਏ
KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।
ਖੇਤੀ ਦੁਨੀਆਂ
ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : khetiduniyan1983@gmail.com

### 39 ਮਹੀਨੇ ਵਿੱਚ ਗਾਂ ਦੀਆਂ ਦੋ ਪੀੜ੍ਹੀਆਂ ਦਾ ਅਦਭੁਤ ਆਗਾਜ਼ ਹੋਇਆ

# ਭਾਰਤ ਦੀ ਪਹਿਲੀ ਕਲੋਨ ਗਿਰ ਗਾਂ "ਗੰਗਾ" ਨੇ 18 ਮਹੀਨੇ ਦੀ ਉਮਰ ਵਿੱਚ ਦਿੱਤਾ ਵੱਛੜੀ ਨੂੰ ਜਨਮ



ਭਾਰਤ ਦੀ ਪਹਿਲੀ ਕਲੋਨ ਗਿਰ ਗਾਂ 'ਗੰਗਾ' ਆਪਣੀ ਨਵਜੰਮੀ ਵੱਛੜੀ ਨਾਲ ਜਿਸ ਦਾ ਜਨਮ ਓ. ਪੀ. ਯੂ.-ਆਈ. ਵੀ. ਐਫ. ਤਕਨੀਕ ਰਾਹੀਂ ਹੋਇਆ।

ਭਾਰਤੀ ਰਾਸ਼ਟਰੀ ਦੁੱਧ ਖੋਜ ਸੰਸਥਾਨ (ਐਨ. ਡੀ. ਆਰ. ਆਈ.) ਨੇ ਪਸ਼ੂ ਪ੍ਰਜਨਨ ਤਕਨੀਕ ਵਿੱਚ ਇੱਕ ਹੋਰ ਇਤਿਹਾਸਿਕ ਕਦਮ ਚੁੱਕਦਿਆਂ ਵਿਸ਼ਵ ਪੱਧਰੀ ਸਫਲਤਾ ਹਾਸਲ ਕੀਤੀ ਹੈ। ਸੰਸਥਾਨ ਦੇ ਨਿਰਦੇਸ਼ਕ ਡਾ. ਧੀਰ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਭਾਰਤ ਵਿੱਚ ਪਹਿਲੀ ਵਾਰ ਗਿਰ ਨਸਲ ਦੀ ਇੱਕ ਵੱਛੜੀ ਦਾ ਜਨਮ ਇੱਕ ਕਲੋਨ ਗਾਂ ਤੋਂ ਲਏ ਅੰਡਾਣੂਆਂ ਰਾਹੀਂ ਕਰਵਾਇਆ ਗਿਆ ਹੈ। ਇਹ ਵੱਛੜੀ ਓ. ਪੀ. ਯੂ.-ਆਈ. ਵੀ. ਐਫ. ਤਕਨੀਕ ਰਾਹੀਂ ਤਿਆਰ ਕੀਤੀ ਗਈ ਹੈ। ਉਨ੍ਹਾਂ ਨੇ ਦੱਸਿਆ ਕਿ ਇਹ ਵੱਛੜੀ 'ਗੰਗਾ' ਦੀ ਬੇਟੀ ਹੈ, ਜੋ ਭਾਰਤ ਦੀ ਪਹਿਲੀ ਕਲੋਨ ਗਿਰ ਗਾਂ ਹੈ। ਗੰਗਾ ਦਾ ਜਨਮ 16 ਮਾਰਚ, 2023 ਨੂੰ ਹੋਇਆ ਸੀ। ਉਹ ਇੱਕ ਵਧੀਆ ਦੁੱਧ ਦੇਣ ਵਾਲੀ ਗਾਂ ਦੀ ਕਲੋਨ ਹੈ, ਜਿਸ ਨੇ ਸਿਹਤਮੰਦ ਜੀਵਨ ਅਤੇ ਉਤਕ੍ਰਿਸ਼ਟ ਪ੍ਰਜਨਨ ਸਮਰੱਥਾ ਵਿਖਾਈ। ਗੰਗਾ ਨੇ 18 ਮਹੀਨੇ ਦੀ ਉਮਰ ਵਿੱਚ ਹੀ ਪਹਿਲੀ ਹੀਟ ਪ੍ਰਾਪਤ ਕਰ ਲਈ। ਉਹਨਾਂ ਨੇ ਦੱਸਿਆ ਕਿ ਗੰਗਾ ਤੋਂ 18 ਮਹੀਨੇ ਦੀ ਉਮਰ ਵਿੱਚ ਹੀ ਅਲਟਰਾਸਾਊਂਡ ਦੀ ਸਹਾਇਤਾ ਨਾਲ ਅੰਡਾਣੂ ਨਿਕਾਲੇ ਗਏ, ਜੋ ਲੈਬ ਵਿੱਚ ਪੱਕੇ ਕਰਕੇ ਉੱਚ ਗੁਣਵੱਤਾ ਵਾਲੇ ਗਿਰ ਸਾਂਡ ਦੇ ਸੀਮਨ ਨਾਲ ਫਰਟੀਲਾਈਜ਼ ਕੀਤੇ ਗਏ। ਤਦ ਇਹ ਭਰੂਣ ਸਾਹੀਵਾਲ ਨਸਲ ਦੀ ਗਾਂ ਵਿੱਚ ਇੰਪਲਾਂਟ ਕੀਤਾ ਗਿਆ। 9 ਮਹੀਨੇ ਬਾਅਦ ਇੱਕ ਸਿਹਤਮੰਦ ਗਿਰ ਨਸਲ ਦੀ ਵੱਛੜੀ ਦਾ ਜਨਮ ਹੋਇਆ। ਇਸ ਵੱਛੜੀ ਵਿੱਚ ਗਿਰ ਨਸਲ ਦੇ ਸਾਰੇ ਗੁਣ ਮੌਜੂਦ ਹਨ।

ਉਨ੍ਹਾਂ ਨੇ ਕਿਹਾ ਕਿ ਇਹ ਉਪਲੱਬਧੀ ਡਾ. ਮਨੋਜ ਕੁਮਾਰ ਸਿੰਘ, ਡਾ. ਰਣਜੀਤ ਵਰਮਾ, ਕਰਤਿਕੇ ਪਟੇਲ, ਡਾ. ਪ੍ਰਿਯੰਕਾ ਸਿੰਘ, ਡਾ. ਨਿਤਿਨ ਤਿਆਗੀ ਅਤੇ ਨਰੇਸ਼ ਸੇਲੇਕਰ ਦੀ ਟੀਮ ਦੀ ਸਾਂਝੀ ਕੋਸ਼ਿਸ਼ ਦਾ ਨਤੀਜਾ ਹੈ। ਉਨ੍ਹਾਂ ਦੱਸਿਆ ਕਿ ਆਮ ਤੌਰ 'ਤੇ ਇਹ ਸਾਰੀ ਪ੍ਰਕਿਰਿਆ 5 ਤੋਂ 7 ਸਾਲ ਲੈਂਦੀ ਹੈ, ਪਰ ਇਹ ਸਿਰਫ 39 ਮਹੀਨੇ ਵਿੱਚ ਪੂਰੀ ਹੋ ਗਈ ਹੈ।

ਡਾ. ਧੀਰ ਸਿੰਘ ਨੇ ਕਿਹਾ ਕਿ ਭਾਰਤ ਦੁੱਧ ਉਤਪਾਦਨ ਵਿੱਚ ਵਿਸ਼ਵ ਵਿੱਚ ਪਹਿਲੇ ਸਥਾਨ 'ਤੇ ਹੈ, ਪਰ ਪਸ਼ੂਆਂ ਤੋਂ ਮਿਲਣ ਵਾਲਾ ਦੁੱਧ ਘੱਟ ਹੁੰਦਾ ਹੈ। ਜੇਕਰ ਕਿਸਾਨਾਂ ਦੀ ਆਮਦਨ ਵਧਾਉਣੀ ਹੈ, ਤਾਂ ਵਧੀਆ ਦੁੱਧ ਦੇਣ ਵਾਲੇ ਪਸ਼ੂ ਛੇਤੀ ਅਤੇ ਵੱਧ ਗਿਣਤੀ ਵਿੱਚ ਤਿਆਰ ਕਰਨਾ ਲਾਜ਼ਮੀ ਹੈ। ਇਸ ਲਈ ਕਲੋਨਿੰਗ ਅਤੇ ਓ. ਪੀ. ਯੂ.-ਆਈ. ਵੀ. ਐਫ. ਤਕਨੀਕ ਬਹੁਤ ਹੀ ਲਾਭਕਾਰੀ ਸਾਬਤ ਹੋ ਰਹੀ ਹੈ।

### ਓ. ਪੀ. ਯੂ.-ਆਈ. ਵੀ. ਐਫ. ਤਕਨੀਕ ਦੇ ਮੁੱਖ ਲਾਭ

ਬਿਨਾਂ ਓਪਰੇਸ਼ਨ ਦੇ ਗਾਂ ਤੋਂ ਅੰਡਾਣੂ ਨਿਕਾਲੇ ਜਾ ਸਕਦੇ ਹਨ। ਘੱਟ ਉਮਰ ਦੀਆਂ ਬਾਂਝ ਜਾਂ ਗਰਭਵਤੀ ਗਾਂਵਾਂ ਤੋਂ ਵੀ ਅੰਡੇ ਲਏ ਜਾ ਸਕਦੇ ਹਨ। ਇੱਕ ਗਾਂ ਤੋਂ ਹਰ ਮਹੀਨੇ ਕਈ ਭਰੂਣ ਤਿਆਰ ਕੀਤੇ ਜਾ ਸਕਦੇ ਹਨ। ਉੱਚ ਗੁਣਵੱਤਾ ਵਾਲੇ ਜਾਂ ਲਿੰਗ ਚੁਣੀਤ ਸੀਮਨ ਰਾਹੀਂ ਵਧੀਆ ਵੱਛੜੇ ਪੈਦਾ ਕੀਤੇ ਜਾ ਸਕਦੇ ਹਨ। ਡਾ. ਧੀਰ ਸਿੰਘ ਨੇ ਕਿਹਾ ਕਿ ਇਹ ਤਕਨੀਕ ਦੁੱਧ ਉਤਪਾਦਨ ਵਿੱਚ ਲੰਮੇ ਸਮੇਂ ਲਈ ਇਨਕਲਾਬ ਲਿਆ ਸਕਦੀ ਹੈ। ਇਹ ਵਿਗਿਆਨ ਦੀ ਮਦਦ ਨਾਲ ਪਸ਼ੂ-ਪਾਲਣ ਖੇਤਰ ਵਿੱਚ ਇੱਕ ਨਵੀਂ ਇਤਿਹਾਸਕ ਪ੍ਰਗਤੀ ਹੈ।